

ਤੁਕਬੰਦੀਆਂ
ਪ
ਲ
ਗੁਰਪ੍ਰੀਤ ਗੁਰੀ
ਪ
ਲ
www.punjabilibrary.com

ਗੁਰਪ੍ਰੀਤ ਗੁਰੀ

# ਤੁਕਬੰਦੀਆਂ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# TUKBANDIAN

By


## Gurpreet Guri





Instagram : gurigurpreet498

Whats App : 9779670711

E-mail: guri04884@gmail.com



@Gurpreet Guri
All rights reserved

ਮੈਂ ਉਹਦੀ ਕੀ ਤਾਰੀਫ਼ ਕਰਾਂ, ਉਹ ਪੱਥਰਾਂ ਨੂੰ ਇਤਰ ਲਿਖ ਸਕਦੀ
ਉਹ ਖੁੱਲ੍ਹੀ ਕਵਿਤਾ ਵਰਗੀ ਹੈ, ਤੁਕਬੰਦੀਆਂ ਵਿੱਚ ਨਹੀਂ ਆ ਸਕਦੀ

ਜਜ਼ਬਾਤ ਆਪਣਿਆਂ ਨੂੰ ਮੈਂ ਰਾਖ ਕਰ ਦਿਆਂਗਾ
ਜੋ ਪਿਆਰ ਤੇਰੇ ਲਈ ਐ ਮੈਂ ਖ਼ਾਕ ਕਰ ਦਿਆਂਗਾ
ਯਾਦਾਂ ਨੂੰ ਕੱਢ ਦਿਆਂਗਾ ਆਪਣੇ ਮੈਂ ਦਿਲ ਦੇ ਵਿੱਚੋਂ
ਜੁੜ ਜਾਵਾਂਗਾ ਖ਼ੁਦਾ ਨਾਲ ਰੂਹ ਪਾਕ ਕਰ ਦਿਆਂਗਾ

✪✪✪✪✪✪

ਕਿਵੇਂ ਕਹਿ ਦੇਵੇ ਪ੍ਰੀਤ ਝੂਠਾ ਉਸ ਦਾ ਪਿਆਰ ਸੀ
ਮੇਰੇ ਮਰਨ ਤੋਂ ਪਹਿਲਾਂ ਮੇਰੀ ਕਬਰ ਤਿਆਰ ਸੀ

✪✪✪✪✪✪

ਬੇਗੁਨਾਹ ਨੂੰ ਗੁਨਾਹਗਾਰ ਤੂੰ ਸਾਬਿਤ ਕੀਤਾ ਏ
ਮੈਂ ਜਾਣ ਬੁੱਝ ਕੇ ਚੁੱਪ ਹਾਂ ਘੁੱਟ ਸਬਰ ਦਾ ਪੀਤਾ ਏ
ਕਦੇ ਸੋਚਿਆ ਵੀ ਨਹੀਂ ਸੀ ਜੁਬਾਨੀ ਫਿਰ ਸਕਦੀ ਏ ਤੂੰ
ਮੈਂ ਬਸ ਇਹ ਵੇਖ ਰਿਹਾ ਹਾਂ ਕਿੰਨਾ ਗਿਰ ਸਕਦੀ ਏ ਤੂੰ

✪✪✪✪✪✪

ਇੱਕ ਪਲ ਵਿੱਚ ਦੋ ਵਾਰੀ ਮਰਨਾ, ਪੱਤੇ ਵਾਂਗੂੰ ਰੁੱਖੋਂ ਝੜਨਾ
ਸੌਖਾ ਕਿੱਥੋਂ ਮਿਲਦਾ ਜਿੱਥੋਂ, ਰਾਹ ਮਰਨੇ ਦਾ ਉੱਥੇ ਖੜ੍ਹਨਾ

✪✪✪✪✪✪

ਹੁਣ ਤੇਰਾ ਇਤਬਾਰ ਨਹੀਂ ਹੋਣਾ
ਇੱਕ ਅੱਧੀ ਵੀ ਵਾਰ ਨਹੀਂ ਹੋਣਾ
ਰੱਬ ਵੀ ਆ ਕੇ ਕਹਿ ਦੇਵੇ ਜੇ
ਤੇਰੇ ਨਾਲ ਪਿਆਰ ਨਹੀਂ ਹੋਣਾ

✪✪✪✪✪✪

ਨੀ ਮੈਂ ਦਿਲ ਨਹੀਂ ਤੈਨੂੰ ਦੇ ਸਕਦਾ ਬੜੀ ਦੇਰ ਕਰ ਲਈ ਤੂੰ
ਜੇ ਰੀਜ਼ਨ ਜਾਣਨਾ ਚਾਹੁੰਦੀ ਐ ਮੇਰੇ ਸ਼ੇਅਰ ਪੜ ਲਈ ਤੂੰ

✪✪✪✪✪✪

ਮੈਨੂੰ ਲੱਗਦੀਆਂ ਪੀੜ੍ਹਾਂ ਮੇਰੇ ਸਹੁਰੇ ਘਰ ਵਾਂਗਰ
ਮੈਨੂੰ ਹੰਝੂ ਲੱਗਣ ਲੱਗ ਗਏ ਮੇਰੇ ਪੇਕੇ ਨੇ
ਮੈਨੂੰ ਬੁੱਕਲ ਵਿੱਚ ਲੈਂਦੀ ਤਨਹਾਈ ਮਾਂ ਵਾਂਗਰ
ਮੇਰੇ ਸੱਜੇ ਖੱਬੇ ਦੁੱਖ ਤਕਲੀਫ਼ਾਂ ਬੈਠੇ ਨੇ

✪✪✪✪✪✪

ਜੋ ਬੜੀ ਸਿਆਣੀ ਬਣਦੀ ਆ, ਫਿਰ ਪਤਾ ਲੱਗੂਗਾ ਝੱਲੀ ਨੂੰ
ਹੁਣ ਗੈਰਾਂ ਵਿੱਚ ਮਸ਼ਰੂਫ ਬੜੀ, ਮੈਂ ਯਾਦ ਆਊਗਾ ਕੱਲੀ ਨੂੰ

✪✪✪✪✪✪

ਸੱਚ ਕਹਿੰਦਾ ਏ ਪ੍ਰੀਤ ਤੇਰਾ ਜੰਨਤ ਦੀ ਥਾਂ ਉਹ ਤੈਨੂੰ ਰੱਖਦਾ
ਤੱਕ ਕੇ ਤੈਨੂੰ ਰੋਜ ਸੋਚੇ, ਕੋਈ ਇੰਨਾ ਸੋਹਣਾ ਕਿੰਝ ਹੋ ਸਕਦਾ

✪✪✪✪✪✪

ਇਤਰਾਂ ਦੀ ਲੋੜ ਨਾ ਤੈਨੂੰ, ਖ਼ੁਸ਼ਬੂ ਹੈ ਸਾਹਾਂ ਚ
ਲੰਘਦੀ ਤੂੰ ਜਿੱਥੋਂ, ਮਹਿਕਾਂ ਘੁਲ਼ ਜਾਵਣ ਰਾਹਾਂ ਚ
ਦਿਨ ਸੋਹਣੇ ਹੋ ਜਾਂਦੇ ਨੇ, ਰਾਤਾਂ ਰੁਸ਼ਨਾਉਂਦੀ ਹੈ
ਜ਼ੁਲਫ਼ਾਂ ਨੂੰ ਖੋਲ ਸੋਹਣੀਏ, ਆਉਂਦੀ ਜਦ ਬਾਹਾਂ ਚ
ਮੰਨਿਆ ਮੈਂ ਕੋਲ ਨਹੀਂ ਤੇਰੇ, ਪਰ ਤੈਥੋਂ ਵੱਖ ਵੀ ਨਹੀਂ ਹਾਂ
ਤੇਰੇ ਨਾਲ ਹੀ ਹਾਂ ਜੋ ਹਾਂ, ਬਿਨ ਤੇਰੇ ਕੱਖ ਵੀ ਨਹੀਂ ਹਾਂ
ਤੇਰੇ ਨਾਲ ਉਮਰ ਬਿਤਾਉਣੇ ਦੀ ਲਾਈ ਅਰਜ਼ੀ ਹੈ
ਰੱਖਣਾ ਜਾਂ ਛੱਡਣਾ ਮੈਨੂੰ ਹੁਣ ਤੇਰੀ ਮਰਜੀ ਹੈ
ਰੱਖਣਾ ਜਾਂ ਛੱਡਣਾ ਮੈਨੂੰ ਹੁਣ ਤੇਰੀ ਮਰਜੀ ਹੈ

✪✪✪✪✪✪

ਦਿਲ ਤੁੜਵਾ ਕੇ ਬਹਿ ਗਏ ਸੱਜਣਾ, ਕਰ ਬੈਠੇ ਸੀ ਪਾਕ ਮੁਹੱਬਤ
ਕਦੇ ਸੀ ਜੋ ਵਰਦਾਨ ਦੇ ਵਰਗੀ ਅੱਜ ਕੱਲ੍ਹ ਲੱਗੇ ਸਰਾਪ ਮੁਹੱਬਤ
ਸੱਜਣ ਝੂਠੇ ਪ੍ਰੀਤ ਦੇ ਵਰਗੇ, ਟੁੱਟੇ ਦਿਲ ਤੇ ਪੈਰ ਨੇ ਧਰਦੇ
ਮੋਇਆਂ ਤੇ ਵੀ ਤਰਸ ਨਹੀਂ ਕਰਦੇ, ਕਰ ਦਿੰਦੇ ਨੇ ਰਾਖ਼ ਮੁਹੱਬਤ

✪✪✪✪✪✪

ਸੂਰਜ ਵੀ ਤੱਕ ਤੈਨੂੰ ਮਾਸ਼ਾਅੱਲਾਹ ਬੋਲਦਾ
ਸੋਹਣੀਏ ਰਾਤਾਂ ਨੂੰ ਤੈਨੂੰ ਚੰਨ ਫਿਰੇ ਟੋਲਦਾ
ਹੋ ਗਿਆ ਪਿਆਰ ਯਾਰਾ ਮੈਨੂੰ ਤੇਰੇ ਨਾਲ ਯਾਰਾ
ਕਰਲੈ ਯਕੀਨ ਮੇਰਾ, ਝੂਠ ਨਹੀਂ ਮੈਂ ਬੋਲਦਾ

✪✪✪✪✪✪

ਮੈਂ ਪਾਪਾਂ ਨਾ ਪਲਿਆ, ਮੈਂ ਪਾਪਾਂ ਨੂੰ ਖਾਇਆ
ਮੈਂ ਪਾਪੀ ਹਾਂ, ਪਾਪਾਂ ਦੇ ਵਿੱਚ ਹੀ ਮੈਂ ਜਾਇਆ
ਮੇਰਾ ਵਾਹ ਨੀ ਚੰਗਿਆਂ ਨਾ, ਮੰਦਾ ਹਾਂ ਯਾਰੋ
ਮੈਂ ਪਾਪਾਂ ਨੂੰ ਪੀਤਾ ਮੈਂ ਪਾਪਾਂ ਨੂੰ ਪਾਇਆ
ਚੰਗਾ ਬਣਨੇ ਦੀ ਕੋਈ ਚਾਹਤ ਨਹੀਂ ਮੈਨੂੰ
ਪਾਪ ਹੀ ਪਾਪ ਮੇਰੇ ਸੀਨੇ ਚ ਸਮਾਇਆ
ਮੈਂ ਅੱਜ ਤੱਕ ਨਾ ਕੋਈ ਕੀਤਾ ਕਰਮ ਚੱਜ ਦਾ
ਤਾਹੀਂ ਪ੍ਰੀਤ ਲੋਕਾਂ ਤੋਂ ਪਾਪੀ ਕਹਾਇਆ

✪✪✪✪✪✪

ਅਪਨੀ ਕੀ ਹੂਈ ਗਲਤੀਆਂ ਸੁਧਾਰ ਰਹਾਂ ਹੂੰ
ਮੈਂ ਜ਼ਿੰਦਗੀ ਜੀ ਨਹੀਂ ਰਹਾ, ਗੁਜ਼ਾਰ ਰਹਾਂ ਹੂੰ

✪✪✪✪✪✪

ਮਾਸੂਮ ਤੇਰੇ ਚਿਹਰੇ ਨੂੰ ਵਾਲ ਨੇ ਚੁੰਮਦੇ ਰਾਤਾਂ ਨੂੰ
ਤੇਰੇ ਖਾਬ਼ ਮੇਰਿਆਂ ਖ਼ਾਬਾਂ ਦੇ ਵਿੱਚ ਘੁੰਮਦੇ ਰਾਤਾਂ ਨੂੰ
ਮੇਰੀ ਸੂਈ ਅੜੀ ਤੇਰੇ ਤੇ ਤੂੰ ਮਨਮੋਹਣੀ ਲੱਗਦੀ ਏ
ਤੈਨੂੰ ਪਤਾ ਨਹੀਂ ਸੁੱਤੀ ਹੋਈ ਤੂੰ ਕਿੰਨੀ ਸੋਹਣੀ ਲੱਗਦੀ ਏ

✪✪✪✪✪✪

ਇੱਕ ਅੱਧੀ ਵਾਰ ਤੇ ਮੰਨਿਆ ਤੂੰ ਹਰ ਵਾਰ ਸਮਝਦੀ ਏ
ਨੀ ਮੈਂ ਇੰਨਾ ਵੀ ਨਹੀਂ ਜਿੰਨਾ ਤੂੰ ਬੇਕਾਰ ਸਮਝਦੀ ਏ

✪✪✪✪✪✪

ਤੇਰੀਆਂ ਖੁਸ਼ੀਆਂ ਮੰਗਣ ਖਾਤਿਰ ਰੱਬ ਦੇ ਮੂਹਰੇ ਹੱਥ ਜੁੜੇ ਨੇ
ਸਾਡੇ ਹੰਝੂ ਸਾਡੇ ਹਾਸੇ ਅੜੀਏ ਤੇਰੇ ਨਾਲ ਜੁੜੇ ਨੇ
ਜੋ ਤੇਰੇ ਕਾਬਿਲ ਹੀ ਨਹੀਂ ਏ ਓਹਨੂੰ ਚੇਤੇ ਕਰਿਆ ਨਾ ਕਰ
ਸਾਡਾ ਵੀ ਦਿਲ ਰੋ ਪੈਂਦਾ ਐਵੇਂ ਅੱਖਾਂ ਭਰਿਆ ਨਾ ਕਰ

✪✪✪✪✪✪

ਮੰਨਿਆ ਕਿ ਬਹੁਤ ਸਮਝਦਾਰ ਐ ਤੂੰ
ਪਰ ਮੈਨੂੰ ਸਮਝਣਾ ਤੇਰੇ ਵੱਸ ਦੀ ਗੱਲ ਨਹੀਂ

✪✪✪✪✪✪

ਮੈਨੂੰ ਹਰ ਇੱਕ ਗੱਲ ਹੈ ਯਾਦ ਤੇਰੀ, ਤੇਰਾ ਹੱਸਣਾ ਤੇਰਾ ਰੋਣਾ ਵੀ
ਜੋ ਤੂੰ ਸੀ ਉਹ ਤੂੰ ਹੀ ਰਹਿਣਾ, ਤੇਰੇ ਵਰਗਾ ਹੋਰ ਕੋਈ ਹੋਣਾ ਨਹੀਂ

✪✪✪✪✪✪

ਮੈਂ ਸਮਝ ਤੇ ਗਿਆ ਸੀ, ਤੂੰ ਸਮਝਣਾ ਨਹੀਂ ਮੈਨੂੰ
ਪਰ ਇਹ ਦਿਲ ਹੀ ਨਾਸਮਝ ਸੀ
ਜੋ ਸਭ ਕੁਝ ਸਮਝ ਕੇ ਵੀ ਕੁਝ ਸਮਝਣਾ ਨਹੀਂ ਸੀ ਚਾਹੁੰਦਾ

✪✪✪✪✪✪

ਜ਼ਿੰਦਗੀ ਬਣ ਕੇ ਮੇਰੀ ਜ਼ਿੰਦਗੀ ਖਾ ਰਿਹਾ ਏ ਤੂੰ
ਛੱਡ ਮੈਨੂੰ ਕੀਹਦੀ ਜ਼ਿੰਦਗੀ ਵਿੱਚ ਜਾ ਰਿਹਾ ਏ ਤੂੰ

✪✪✪✪✪✪

ਮੇਰੇ ਹੰਝੂਆਂ ਨੇ ਹੱਥ ਜੋੜ ਦਿੱਤੇ
ਮੈਂ ਹੋਰ ਨਹੀਂ ਰੋ ਸਕਦੀ
ਹੁਣ ਕੁਝ ਵੀ ਹੋ ਜੇ ਪਰ ਮੈਂ
ਪਹਿਲਾਂ ਜਿਹੀ ਨਹੀਂ ਹੋ ਸਕਦੀ

✪✪✪✪✪✪

ਜੇ ਜ਼ਿੰਦਗੀ ਤੂੰ ਤਾਂ, ਮੈਂ ਸਾਹ ਬਣ ਜਾਵਾਂ
ਤੂੰ ਜਿਸ ਤੇ ਚੱਲੇ, ਉਹ ਰਾਹ ਬਣ ਜਾਵਾਂ
ਜੇ ਜ਼ਮੀਨ ਹੋਵੇ ਤੂੰ, ਮੈਂ ਘਾਹ ਬਣ ਜਾਵਾਂ
ਗੱਲ ਮੁੱਕਦੀ ਇੱਥੇ, ਤੇਰਾ ਬਣ ਜਾਵਾਂ

✪✪✪✪✪✪

ਤੂੰ ਮੈਨੂੰ ਰੋਜ ਜਗਾਵੇਂ ਸੁੱਤੇ ਨੂੰ ਬੁੱਲੀਆਂ ਤੇ ਮੇਰਾ ਨਾਂ ਹੋਵੇ
ਤੇਰੀ ਬਾਂਹਾਂ ਦੇ ਵਿੱਚ ਚੂੜਾ ਤੇ ਹੱਥਾਂ ਵਿੱਚ ਸੱਜਣਾ ਚਾਹ ਹੋਵੇ

✪✪✪✪✪✪

ਘੁੰਮਦਾ ਪਿਆ ਸੀ, ਅੱਧੀ ਰਾਤ ਕੱਲਾ ਚੁੱਪ ਚਾਪ
ਸੜਕਾਂ ਤੇ, ਟਾਇਮ ਬਾਰਾਂ ਵਜੇ ਦੇ ਕਰੀਬ ਸੀ
ਪੈਰਾਂ ਵੱਲ ਵੇਖ ਰਿਹਾ ਸੀ, ਚੱਲਦਾ ਹੋਇਆ ਮੈਂ ਬਸ
ਸੋਚ ਰਿਹਾ ਸੀ, ਨੀਂਦ ਕਾਹਤੋਂ ਅੱਖਾਂ ਨੂੰ ਨਸੀਬ ਨਹੀਂ
ਰਾਤ ਦਾ ਹਨੇਰਾ ਮੈਨੂੰ ਬੋਲਣ ਲੱਗਾ ਸੀ ਕੁਝ
ਉਦੋਂ ਅਹਿਸਾਸ ਤੇਰੀ ਕਮੀ ਦਾ ਕਰਾ ਗਿਆ
ਸੋਚ ਹੀ ਰਿਹਾ ਸੀ ਕੋਈ ਗੀਤ ਨਵਾਂ ਲਿਖਾਂ ਮੈਂ
ਇਹ ਸੋਚਦੇ ਖਿਆਲ ਤੇਰਾ ਮਨ ਵਿੱਚ ਆ ਗਿਆ

✪✪✪✪✪✪

ਨੀ ਜੋ ਲਿਖੇ ਸੀ ਗੀਤ ਤੇਰੇ ਲਈ, ਹੁਣ ਮੈਂ ਕਰ ਕੰਪੋਜ਼ ਰਿਹਾ
ਤੇਰੀ ਸੌਂਹ ਲੱਗੇ, ਹੁਣ ਵੀ ਤੇਰੇ ਬਾਰੇ ਹੀ ਸੋਚ ਰਿਹਾ

✪✪✪✪✪✪

ਮੈਨੂੰ ਮੇਰਾ ਅੱਜ ਵੀ ਜ਼ਹਿਰ ਲੱਗਦਾ ਹੈ
ਮੈਨੂੰ ਮੇਰਾ ਕੱਲ੍ਹ ਵੀ ਜ਼ਹਿਰ ਲੱਗਦਾ ਹੈ
ਮੈਨੂੰ ਤੇਰੇ ਨਾਲ ਬਿਤਾਇਆ
ਹਰ ਇੱਕ ਪਲ ਵੀ ਜ਼ਹਿਰ ਲੱਗਦਾ ਹੈ

✪✪✪✪✪✪

ਹੁਣ ਤੂੰ ਰੋਵੇਂਗਾ ਸੱਜਣਾ ਵੇ ਤੇ ਮੈਂ ਦਿਲ ਖੋਲ੍ਹ ਕੇ ਹੱਸਾਂਗੀ
ਤੂੰ ਜੋ ਜੋ ਕੀਤਾ ਨਾਲ ਮੇਰੇ, ਹੁਣ ਸ਼ਾਇਰੀ ਵਿੱਚ ਹੀ ਦੱਸਾਂਗੀ

✪✪✪✪✪✪

ਤੇਰੇ ਹੀ ਪਿਆਰ ਦਾ ਮੈਨੂੰ, ਹੈ ਚੜ੍ਹਿਆ ਸਰੂਰ ਨੀ
ਇਹ ਖੁਸ਼ੀਆਂ ਜਹਾਨ ਦੀਆਂ, ਤੇਰੇ ਬਿਨਾ ਫਜ਼ੂਲ ਨੀ
ਖੁਦਾ ਨੇ ਮੇਰੀ ਸੁਣ ਲਈ,ਨੀ ਮੇਰੇ ਨੇੜੇ ਆਣ ਕੇ
ਤੇਰੇ ਨਾ' ਮੁਲਾਕਾਤ ਦੀ, ਦੁਆ ਹੋਈ ਕਬੂਲ ਨੀ

✪✪✪✪✪✪

ਤੂੰ ਸੁਣ ਲੈ ਸਦਾਵਾਂ, ਮੈਂ ਮੰਗਦੀ ਦੁਆਵਾਂ
ਯਾਰਾ ਤੇਰੇ ਬਾਝੋਂ ਨੇ ਕਾਤਿਲ ਹਵਾਵਾਂ
ਜੋ ਲੋਕੀਂ ਦਿਖਾਉਂਦੇ ਖ਼ੁਦਾ ਵੱਲ ਨੇ ਜਾਂਦੇ
ਬਿਨਾ ਤੇਰੇ ਕਿੱਦਾਂ ਉਹ ਰਾਹਵਾਂ ਤੇ ਜਾਵਾਂ

✪✪✪✪✪✪

ਵੰਝਲੀ ਜਗ੍ਹਾ ਗਿਟਾਰ ਏ ਹੱਥ ਵਿੱਚ, ਇਸ਼ਕ ਤੇਰੇ ਦੇ ਮਾਂਜੇ ਆ
ਤੂੰ ਹੀਰ ਏ ਲਹਿੰਦੇ ਦੀ ਨੀ, ਚੜਦੇ ਦੇ ਅਸੀਂ ਰਾਂਝੇ ਆ

✪✪✪✪✪✪

ਦੁਆ ਨਾਂ ਸੀ ਓਹਦਾ, ਦੁਆਵਾਂ ਦੇ ਗਈ ਏ
ਹਾਸੇ ਪਾ ਗਈ ਝੋਲੀ ਬਲਾਵਾਂ ਲੈ ਗਈ ਏ
ਉਹ ਬਣ ਗਈ ਏ ਤਾਰਾ, ਮਿਲੀ ਨਾ ਦੋਬਾਰਾ
ਜਿਹੜੀ ਮੈਨੂੰ ਜਿੰਦਗੀ ਦੋਬਾਰਾ ਦੇ ਗਈ ਏ

✪✪✪✪✪✪

ਸਾਰੇ ਬੋਲਦੇ ਨੇ ਸੱਚ ਕੀਹਦਾ ਕੀਹਦਾ ਮੂੰਹ ਫੜੇਂਗਾ
ਵੇ ਤੂੰ ਬੇਵਫਾ ਪਹਿਲਾਂ ਹੀ ਮੈਨੂੰ ਪਿਆਰ ਕੀ ਕਰੇਂਗਾ

✪✪✪✪✪✪

ਅਸੀਂ ਆਸ਼ਕ ਹੋ ਗਏ ਤੇਰੇ, ਬਸ ਪੜ੍ਹੀਏ ਤੇਰੀਆਂ ਲਿਖਤਾਂ
ਮੇਰੀ ਕਲਮ ਵੀ ਹੋਈ ਦੀਵਾਨੀ, ਕਰਦੀ ਏ ਤੇਰੀਆਂ ਸਿਫ਼ਤਾਂ
ਬਣ ਜਾ ਮੇਰੀ ਮਹਿਬੂਬਾ, ਜਾਂ ਮੈਨੂੰ ਯਾਰ ਬਣਾ ਲੈ
ਗੱਲਾਂ ਦੋ ਹੀ ਨੇ ਸੱਜਣਾ, ਦੋਵਾਂ 'ਚੋਂ ਮੰਨ ਲੈ ਇੱਕ ਤਾਂ

✪✪✪✪✪✪

ਲਿਖ ਲੁਖ ਹੋਣਾ ਨਹੀਂ ਹੁਣ ਕੁਝ ਮੇਰੇ ਤੋਂ
ਕਲਮ ਵੀ ਚੱਕੀ ਫਿਰਾਂ ਅੱਜ ਮੈਂ ਸਵੇਰੇ ਤੋਂ
ਸੋਚ ਮੇਰੀ ਸੋਚਣ ਦੇ ਲਈ ਹੀ ਤਿਆਰ ਨਹੀਂ
ਆਉਂਦਾ ਮੇਰੀ ਕਲਮ ਨੂੰ ਇੱਕ ਵੀ ਖਿਆਲ ਨਹੀਂ

✪✪✪✪✪✪

ਸ਼ਿਵ ਦੇ ਵਰਗਾ ਸ਼ਾਇਰ ਕਿੱਥੋਂ ਲੱਭਦਾ ਹੈ
ਲੱਖਾਂ ਦੇ ਵਿੱਚੋਂ ਵੀ ਕੱਲਾ ਫੱਬਦਾ ਹੈ

✪✪✪✪✪✪

ਤੇਰੇ ਬਾਰੇ ਜੇ ਕੋਈ ਬੋਲੇ, ਉਹ ਸਾਨੂੰ ਜ਼ਹਿਰ ਲੱਗਦਾ ਏ
ਜੰਨਤ ਤੋਂ ਵੱਧ ਸੋਹਣਾ ਸੱਜਣਾ ਵੇ ਤੇਰਾ ਸ਼ਹਿਰ ਲੱਗਦਾ ਏ

✪✪✪✪✪✪

ਸਿਰ ਮੇਰੇ ਪੀੜ੍ਹਾਂ ਦਾ ਪਰਬਤ ਮੇਰੇ ਤੋਂ ਨਾ ਚੁੱਕ ਹੁੰਦਾ ਹੈ
ਪ੍ਰੀਤ ਕੋਈ ਹਰਕਤ ਨਹੀਂ ਕਰਦਾ, ਬਣ ਕੇ ਖੜਿਆ ਰੁੱਖ ਹੁੰਦਾ ਹੈ
ਦਿਲ ਮੇਰੇ ਦੀਆਂ ਗਲੀਆਂ ਦੇ ਵਿੱਚ, ਰੋਜ਼ ਹਨੇਰਾ ਘੁੱਪ ਹੁੰਦਾ ਹੈ
ਸਹਿਣ ਦੀ ਭਾਵੇਂ ਹੱਦ ਹੁੰਦੀ ਹੈ, ਪ੍ਰੀਤ ਫ਼ੇਰ ਵੀ ਚੁੱਪ ਹੁੰਦਾ ਹੈ

✪✪✪✪✪✪

ਹੰਝੂ ਵੀ ਅਜ਼ੀਜ਼ ਮੈਨੂੰ ਹੌਂਕੇ ਵੀ ਅਜ਼ੀਜ਼ ਆ
ਤੇਰੇ ਵੱਲੋਂ ਦਿੱਤੇ ਸਭ ਧੋਖੇ ਵੀ ਅਜ਼ੀਜ਼ ਆ
ਤੇਰੇ ਨਾਲੋਂ ਵੱਖ ਹੋ ਕੇ ਭੁੱਲਿਆ ਤਮੀਜ਼ ਫਿਰਾਂ
ਆਖਦੇ ਨੇ ਲੋਕੀਂ ਪ੍ਰੀਤ ਬੜਾ ਬਤਮੀਜ਼ ਆ

✪✪✪✪✪✪

ਤੇਰੇ ਸਾਹਮਣੇ ਦਿੱਤੇ ਆ ਹੱਥ ਜੋੜ ਸੱਜਣਾ
ਸਾਨੂੰ ਮਰਿਆਂ ਨੂੰ ਮਾਰ ਨਾ ਤੂੰ ਹੋਰ ਸੱਜਣਾ
ਤੇਰੇ ਪਿਆਰ ਨੇ ਤਬਾਹ ਕੀਤੀ ਜ਼ਿੰਦਗੀ ਏ ਸਾਰੀ
ਪਹਿਲਾਂ ਦਿਲ ਚ ਵਸਾਇਆ ਫਿਰ ਠੋਕਰ ਤੂੰ ਮਾਰੀ
ਤੈਨੂੰ ਲੱਗਦੇ ਆ ਰਾਹਾਂ ਵਾਲੇ ਰੋੜ ਸੱਜਣਾ
ਸਾਨੂੰ ਮਰਿਆਂ ਨੂੰ ਮਾਰ ਨਾ ਤੂੰ ਹੋਰ ਸੱਜਣਾ

✪✪✪✪✪✪

ਆਪਣੇ ਹੱਥੀਂ ਆਪਣਾ ਚਿਹਰਾ ਨੋਚ ਰਹੀ ਹਾਂ ਮੈਂ
ਨਾ ਚਾਹੁੰਦੇ ਹੋਏ ਤੇਰੇ ਬਾਰੇ ਸੋਚ ਰਹੀ ਹਾਂ ਮੈਂ

✪✪✪✪✪✪

ਤੇਰੇ ਦਿੱਤੇ ਹੋਏ ਜ਼ਖ਼ਮਾਂ ਨੂੰ, ਰੋਜ਼ ਹੀ ਛਿੱਲ ਕੇ ਜਾਂਦੀ ਆ
ਤੇਰੀ ਪੀੜ ਸੋਹਣਿਆ ਯਾਰਾ ਰੋਜ਼ ਮੈਨੂੰ ਮਿਲ ਕੇ ਜਾਂਦੀ ਆ

✪✪✪✪✪✪

ਪਾਣੀ ਦੀਦ ਦਾ ਪਿਲਾ ਦੇ, ਬੁੱਲ ਹੋਏ ਨੇ ਪਿਆਸੇ
ਹੰਝੂ ਅੱਖੀਆਂ ਦੇ ਖਾਰੇ, ਕਿੰਨੇ ਦੇਣ ਵੇ ਦਿਲਾਸੇ
ਤੇਰੇ ਜਾਣ ਪਿੱਛੋਂ ਖੁਸ਼ੀਆਂ ਦਾ ਮੂੰਹ ਮੈਂ ਵੇਖਿਆ ਨਹੀਂ
ਸੁੱਖ ਰੁੱਸ ਗਏ ਨੇ ਮੈਥੋਂ, ਨਾਲੇ ਰੁੱਸ ਗਏ ਨੇ ਹਾਸੇ

✪✪✪✪✪✪

ਮੈਂ ਸੁਣਦਾ ਜਾਨੀ ਨੂੰ ਨਿਰਮਾਣ ਵੀ ਸੁਣਦਾ ਹਾਂ
ਮੈਂ ਸੁਣਦਾ ਹਾਫ਼ੀ ਨੂੰ ਗੁਲਜ਼ਾਰ ਵੀ ਸੁਣਦਾ ਹਾਂ
ਜਦ ਕਦੇ ਵਕਤ ਮਿਲਦਾ, ਸ਼ਿਵ ਨੂੰ ਵੀ ਪੜਦਾ ਹਾਂ
ਲਿਖਣਾ ਤੇ ਆਉਂਦਾ ਨਹੀਂ ਬਸ ਕੋਸ਼ਿਸ਼ ਕਰਦਾ ਹਾਂ

✪✪✪✪✪✪

ਮੇਰੀਆ ਗੱਲਾਂ ਵਿੱਚ ਐਵੇਂ ਤੂੰ ਆਵੀਂ ਨਾ ਸੱਜਣਾ
ਪਛਤਾਵੇਂਗਾ ! ਪੱਥਰ ਨਾ' ਦਿਲ ਲਾਵੀਂ ਨਾ ਸੱਜਣਾ
ਬੜੇ ਤਬਾਹ ਹੋਏ ਨੇ ਰਾਂਝੇ ਹੀਰਾਂ ਇਸ ਰਾਹ ਤੇ
ਪੈਰ ਗਲ਼ੀ ਇਸ਼ਕੇ ਦੀ ਵਿੱਚ ਤੂੰ ਪਾਵੀਂ ਨਾ ਸੱਜਣਾ

✪✪✪✪✪✪

ਮਿੱਤਰੋ ਹੁਸਨ ਓਹਦਾ ਕਾਬਿਲ ਏ ਤਾਰੀਫ਼ ਏ
ਦਿਲ ਨੂੰ ਛੂਹ ਜਾਂਦੀ ਓਹਦੀ ਹਰ ਇੱਕ ਚੀਜ਼ ਏ
ਰੰਗ ਏ ਕਪਾਹ ਦੇ ਜਿਹਾ ਚਿੱਟਾ ਦਿਲ ਟੁੰਬਦਾ ਜੋ
ਫੱਬਦਾ ਗਲੇ ਚ ਪਾਇਆ ਕਾਲਾ ਜੋ ਤਾਵੀਜ਼ ਏ
ਰੱਖਦੀ ਏ ਵਾਲ ਖੁੱਲੇ, ਚੁੰਮਣ ਹਵਾ ਦੇ ਬੁੱਲੇ
ਓਹਨੂੰ ਤੱਕ ਫੱਕਰ ਫ਼ਕੀਰ ਵੀ ਨੇ ਹੋਸ਼ ਭੁੱਲੇ
ਉੱਤੋਂ ਮੁਸਕਾਨ ਓਹਦੀ ਕੱਢੇ ਜਾਨ ਮਿੱਤਰਾਂ ਦੀ
ਲਿਖਦੀ ਜਦੋਂ ਉਹ ਓਹਦੀ ਸ਼ਾਇਰੀ 'ਚੋਂ ਸ਼ਹਿਦ ਡੁੱਲੇ

✪✪✪✪✪✪

ਦੁਨੀਆ ਜੇ ਮਤਲਬ ਦੀ ਤੂੰ ਵੀ ਦੁਨੀਆ ਵਿੱਚ ਹੀ ਆਉਂਦਾ ਆ
ਪਿਆਰ ਕੀਤਾ ਖ਼ੁਦ ਦੋਸ਼ ਖ਼ੁਦਾ ਉੱਪਰ ਹੁਣ ਕਿਉਂ ਤੂੰ ਲਾਉਂਦਾ ਆ

✪✪✪✪✪✪

ਚੁੱਪ ਚਾਪ ਰਹਿੰਦਾ ਏ ਪ੍ਰੀਤ ਅੱਜ ਕੱਲ੍ਹ
ਕਹਿੰਦਾ ਲੱਗਦਾ ਨਹੀਂ ਮਨ
ਤੇਰੀ ਯਾਦਾਂ ਦਾ ਸਹਾਰਾ, ਕਰੇ ਦੱਸ ਕੀ ਬੇਚਾਰਾ
ਲਿਖੇ ਗੀਤ ਤੇਰੇ ਵਾਸਤੇ, ਬੰਦ ਹੋਏ ਸਭ ਰਾਸਤੇ
ਮੈਨੂੰ ਰਾਸਤਾ ਦਿਖਾਦੇ
ਕਰ ਮਿਹਰਬਾਨੀ ਦੇਦੇ ਮੈਨੂੰ ਜ਼ਹਿਰ ਹੱਥਾਂ ਨਾਲ
ਜਾਂ ਫਿਰ ਮੰਨ ਮੇਰੀ ਗੱਲ, ਮੈਨੂੰ ਆਪਣਾ ਬਣਾ ਲੈ

✪✪✪✪✪✪

ਮੇਰੇ ਨਾਲ ਰਹਿਣ ਦੀ ਜ਼ਿਦ ਛੱਡ ਦੇ, ਤੈਨੂੰ ਪਛਤਾਣਾ ਪੈ ਜਾਣਾ
ਦਿਨ ਚਾਰ ਬਚੇ ਨੇ ਜ਼ਿੰਦਗੀ ਦੇ, ਮੈਨੂੰ ਨਾਲ ਖ਼ੁਦਾ ਨੇ ਲੈ ਜਾਣਾ
ਮੇਰੇ ਅੱਗੇ ਪਿੱਛੇ ਮੌਤ ਖੜੀ, ਮੈਂ ਬੁੱਕਲ ਓਹਦੀ ਵਿੱਚ ਬਹਿ ਜਾਣਾ
ਦਿਨ ਚਾਰ ਬਚੇ ਨੇ ਜ਼ਿੰਦਗੀ ਦੇ, ਮੈਨੂੰ ਨਾਲ ਖ਼ੁਦਾ ਨੇ ਲੈ ਜਾਣਾ

✪✪✪✪✪✪

ਤੁਮਨੇ ਹੀ ਤੋ ਕਹਾ "ਜਾਓ ਮਰ ਜਾਓ
ਮੁਝੇ ਕੋਈ ਫ਼ਰਕ ਨਹੀਂ "
ਚਲੋ ਆਜ ਆਪਕੇ ਹੁਕਮ ਕੀ ਤਾਮੀਲ ਕਰੇਂਗੇ

✪✪✪✪✪✪

ਤੇਰੇ ਨਾਲ ਗੱਲਾਂ ਕਰਨੇ ਦੀ ਆਦਤ ਜਿਹੀ ਪੈਂਦੀ ਜਾਂਦੀ ਆ
ਤੇਰੀ ਸੂਰਤ ਸੀਰਤ ਸੱਜਣਾ ਦਿਲ ਮੇਰੇ ਵਿਚ ਲਹਿੰਦੀ ਜਾਂਦੀ ਆ

✪✪✪✪✪✪

ਵਲਵਲਿਆਂ ਵਿੱਚ ਖੋ ਜਾਂਦਾ ਹਾਂ ਜਦ ਵੀ ਤੈਨੂੰ ਪੜ੍ਹਦਾ ਹਾਂ ਨੀ
ਤੇਰੇ ਤੋਂ ਵੱਧ ਗੱਲਾਂ ਮੈਂ, ਤਸਵੀਰ ਤੇਰੀ ਨਾਲ ਕਰਦਾ ਹਾਂ ਨੀ
ਉਂਝ ਤੇ ਜਿਆਦਾ ਬੋਲ ਨਾ ਪਾਵਾਂ ਪਰ ਤੇਰੇ ਨਾਲ ਖੁੱਲ ਜਾਂਦਾ ਹਾਂ
ਜਦ ਤੂੰ ਹੱਸਕੇ ਤੱਕਦੀ ਏ, ਮੈਂ ਅਕਸਰ ਸਭ ਕੁਝ ਭੁੱਲ ਜਾਂਦਾ ਹਾਂ

✪✪✪✪✪✪

ਇੰਨਾ ਵੀ ਨਾ ਖ਼ੁਦ ਨੂੰ ਸਜਾ ਕੇ ਬਾਹਰ ਜਾਇਆ ਕਰ
ਲੋਕਾਂ ਕੋਲੋਂ ਖ਼ੁਦ ਨੂੰ ਬਚਾ ਕੇ ਬਾਹਰ ਜਾਇਆ ਕਰ
ਬੜੀ ਛੇਤੀ ਲੱਗਦੀ ਨਜ਼ਰ ਚੀਜਾਂ ਸੋਹਣੀਆਂ ਨੂੰ
ਕਾਲਾ ਟਿੱਕਾ ਅੰਮੀ ਤੋਂ ਲਗਾ ਕੇ ਬਾਹਰ ਜਾਇਆ ਕਰ
ਤੇਰਿਆਂ ਸਾਹਾਂ ਦੇ ਨਾਲ ਮਹਿਕੀਆਂ ਫਿਜ਼ਾਵਾਂ ਨੇ
ਕੱਚ ਜਿਹੀ ਤੂੰ ਲੋਕਾਂ ਦੀਆਂ ਪੱਥਰ ਨਿਗਾਹਾਂ ਨੇ
ਅੰਮੀ ਕੋਲੋਂ ਮਿਰਚਾਂ ਛੁਆ ਕੇ ਬਾਹਰ ਜਾਇਆ ਕਰ
ਇੰਨਾ ਵੀ ਨਾ ਖ਼ੁਦ ਨੂੰ ਸਜਾ ਕੇ ਬਾਹਰ ਜਾਇਆ ਕਰ

✪✪✪✪✪✪

ਪੁੱਛਿਆ ਮੈਨੂੰ ਅੱਜ ਕਿਸੇ ਨੇ, ਦੱਸ ਕੀ ਕੀ ਦੁਨੀਆ ਤੇ ਝੂਠ ਏ
ਹੱਸ ਜਵਾਬ ਦੇ ਦਿੱਤਾ ਮੈਂ ਵੀ, ਲੱਗਦਾ ਮੈਨੂੰ ਦੁਨੀਆ ਹੀ ਝੂਠ ਏ
ਹਾਸੇ ਝੂਠੇ, ਹੰਝੂ ਝੂਠੇ, ਪਿਆਰ, ਮੁਹੱਬਤ, ਪ੍ਰੀਤ ਝੂਠ ਏ
ਸੱਚ ਝੂਠ ਏ ਇਸ ਦੁਨੀਆ ਵਿੱਚ ਪ੍ਰੀਤ ਦਾ ਹਰ ਇੱਕ ਗੀਤ ਝੂਠ ਏ
ਸਾਰੀ ਦੁਨੀਆ ਟਿਕੀ ਝੂਠ ਤੇ ਇੱਥੋਂ ਤੱਕ ਖ਼ੁਦ ਪ੍ਰੀਤ ਝੂਠ ਏ

✪✪✪✪✪✪

ਅੱਜ ਇੱਕ ਥਾਂ ਕੱਲ੍ਹ ਦੂਜੀ ਥਾਂ ਤੇ, ਲੋਕਾਂ ਵਰਗੀ ਯਾਰੀ ਨਹੀਂ ਹੈ
ਇਸ਼ਕ ਕੀਤਾ ਹੈ ਤੈਨੂੰ ਰੂਹ ਤੋਂ, ਸੱਜਣਾ ਵਕਤ ਗੁਜ਼ਾਰੀ ਨਹੀਂ ਹੈ

✪✪✪✪✪✪

ਮੇਰੇ ਦਿਲ ਦੇ ਖ਼ਾਲੀ ਵਰਕੇ, ਤੇਰੇ ਧੋਖਿਆਂ ਦੇ ਨਾਲ ਭਰ ਗਏ
ਮੈਨੂੰ ਜ਼ਹਿਰ ਦੇਕੇ ਤੂੰ ਆਖੇ ਕਿਉਂ ਇੰਨੀ ਛੇਤੀ ਮਰ ਗਏ
ਤੈਨੂੰ ਫ਼ਿਕਰ ਕੋਈ ਨਾ ਮੇਰੀ, ਨਾ ਹੀ ਕੋਈ ਪਰਵਾਹ ਹੈ
ਅਸੀਂ ਫਿਰ ਵੀ ਰਹੇ ਸੀ ਤਲੀਆਂ ਤੇਰੇ ਪੈਰਾਂ ਹੇਠਾਂ ਧਰਦੇ

✪✪✪✪✪✪

ਆਪਣੀਆਂ ਕੀਤੀਆਂ ਗਲਤੀਆਂ ਸੁਧਾਰ ਰਿਹਾ ਹਾਂ
ਮੈਂ ਜ਼ਿੰਦਗੀ ਜੀ ਨਹੀਂ ਰਿਹਾ ਗੁਜ਼ਾਰ ਰਿਹਾ ਆ

✪✪✪✪✪✪

ਕਾਲੀਆਂ ਕਈ ਰਾਤਾਂ ਵਿੱਚ, ਪੀੜ੍ਹਾਂ ਦੀ ਬਰਾਤਾਂ ਵਿੱਚ
ਮਿਲਦੇ ਰਹਿੰਦੇ ਨੇ ਹੰਝੂ ਆਸ਼ਕਾਂ ਨੂੰ ਆਣ ਕੇ
ਬੇਵਜ੍ਹਾ ਵੀ ਮਰਦੇ ਨੇ ਹਿਜ਼ਰਾਂ ਚ ਸੜਦੇ ਨੇ
ਹੋਰਾਂ ਨੂੰ ਜੋ ਛਾਵਾਂ ਦਿੰਦੇ, ਆਪਣੀ ਰੂਹ ਸਾੜ ਕੇ

✪✪✪✪✪✪

ਅਸੀਂ ਇੱਕ ਦੂਜੇ ਲਈ ਬਣੇ ਹਾਂ
ਇਹ ਮੈਂ ਨਹੀਂ ਉਹ ਹਰ ਇੱਕ ਇਨਸਾਨ ਕਹਿੰਦਾ ਹੈ
ਜਿਸ ਨੇ ਸਾਨੂੰ ਇਕੱਠਿਆਂ ਨੂੰ ਵੇਖਿਆ ਆ

✪✪✪✪✪✪

ਤੇਰੇ ਬੁੱਲ ਨੇ ਫੁੱਲ ਗੁਲਾਬ ਦੇ ਤੇਰੇ ਵਾਲ ਨੇ ਕਾਲੀ ਰਾਤ
ਮੈਨੂੰ ਰੱਬ ਦੀ ਬੋਲੀ ਲੱਗਦੀ, ਤੇਰੇ ਮੂੰਹ ਤੋਂ ਨਿਕਲੀ ਬਾਤ
ਤੇਰੇ ਨੈਣਾਂ ਵਿੱਚ ਹੈ ਚਾਂਦਨੀ ਤੇਰੇ ਮੁੱਖ ਤੇ ਹੈ ਪ੍ਰਭਾਤ
ਮੈਂ ਲਿਖਾਂ ਤੇਰੀ ਤਾਰੀਫ਼ 'ਚ ਮੇਰੀ ਇੰਨੀ ਨਹੀਂ ਔਕਾਤ

✪✪✪✪✪✪

ਰੂਹ ਦੇ ਸਕੂਨ ਦੀ ਤਲਾਸ਼ ਲਈ ਹੁੰਦੀਆਂ ਨੇ
ਕੁਝ ਕਵਿਤਾਵਾਂ ਬਸ ਕਿਸੇ ਖ਼ਾਸ ਲਈ ਹੁੰਦੀਆਂ ਨੇ

✪✪✪✪✪✪

ਜੋ ਤੂੰ ਨਹੀਂ ਬੋਲਦੀ ਨਾ
ਉਹ ਤੇਰੀਆਂ ਅੱਖਾਂ ਬੋਲ ਦਿੰਦੀਆਂ ਨੇ
ਤੂੰ ਕਦੇ ਜ਼ਾਹਿਰ ਨਹੀਂ ਕਰਦੀ ਕਿ ਕਿੰਨੀ ਮੁਹੱਬਤ ਹੈ ਤੈਨੂੰ ਮੇਰੇ ਨਾਲ
ਪਰ ਤੇਰੀਆਂ ਅੱਖਾਂ ਹਰ ਵਾਰ
ਤੇਰੀ ਮੁਹੱਬਤ ਬਿਆਨ ਕਰ ਦਿੰਦੀਆਂ ਨੇ

✪✪✪✪✪✪

ਸਭ ਤੋਂ ਸੋਹਣਾ ਖ਼ਵਾਬ ਵੀ ਤੂੰ ਐ
ਪਿਆਸੀ ਰੂਹ ਲਈ ਆਬ ਵੀ ਤੂੰ ਐ
ਤੂੰ ਹੀ ਬਿਆਸ ਰਾਵੀ ਤੇ ਜੇਹਲਮ
ਸਤਲੁਜ ਅਤੇ ਚਨਾਬ ਵੀ ਤੂੰ ਐ

✪✪✪✪✪✪

ਤੇਰੇ ਤੇ ਲਿਖਦਾ ਫਿਰਦਾ ਸੁਣਿਆ ਮੈਂ ਹਾਫ਼ੀ ਹੈ
ਮਰਿਆਂ ਵਿੱਚ ਰੂਹ ਫੂਕਣ ਲਈ ਤੇਰੀ ਛੂਹ ਕਾਫ਼ੀ ਹੈ

✪✪✪✪✪✪

ਦਿਲ ਦੇ ਕਰੀਬ ਸੀ ਜੋ ਅੱਖੀਆਂ ਤੋਂ ਦੂਰ ਹੋ ਗਏ
ਚਾਹ ਕੇ ਵੀ ਮਿਲ ਸਕੇ ਨਾ ਫ਼ਾਸਲੇ ਕਬੂਲ ਹੋ ਗਏ

✪✪✪✪✪✪

ਤੂੰ ਜਿਵੇਂ ਸੋਚਦੀ ਵੈਸਾ ਨਹੀਂ ਹੈ

ਪ੍ਰੀਤ ਕੋਈ ਐਸਾ ਵੈਸਾ ਨਹੀਂ ਹੈ

ਤੂੰ ਕਹਿੰਦੀ ਐ ਕੋਈ ਹੋਰ ਵੇਖ ਲੈ

ਕੀ ਕਰੀਏ ਕੋਈ, ਤੇਰੇ ਜੈਸਾ ਨਹੀਂ ਹੈ

✪✪✪✪✪✪

ਓਹਦਾ ਮੋਹ ਏ ਕੁਦਰਤ ਨਾਲ, ਕਿਤਾਬਾਂ ਸ਼ਿਵ ਦੀਆਂ ਪੜ੍ਹਦੀ ਆ

ਓਹਦੇ ਅੱਖਰ ਹੀਰਿਆਂ ਜਿਹੇ, ਕੈਲੀਗਰਾਫ਼ੀ ਵੀ ਕਰਦੀ ਆ

ਉਹ ਕਦੇ ਕਦਾਈਂ ਮੇਲ ਤੇ ਕਦੇ ਵਿਛੋੜਾ ਲਿਖਦੀ ਆ

ਉਹ ਥੋੜਾ ਲਿਖਦੀ ਆ ਪਰ ਬੜ੍ਹਾ ਹੀ ਸੋਹਣਾ ਲਿਖਦੀ ਆ

✪✪✪✪✪✪

ਸੋਹਣੀਆਂ ਗੱਲਾਂ ਕਰ ਕਰ ਕੇ, ਦਿਲ ਦੇ ਵਿੱਚ ਵੜਦੇ ਨੇ

ਵਾਅਦੇ ਕਰ ਅੰਬਰ ਦੇ, ਹੱਥ ਵਿੱਚ ਖ਼ਾਕ ਨੂੰ ਧਰਦੇ ਨੇ

ਤਾਜ ਲਵਾ ਦਿੰਦੇ ਨੇ, ਸ਼ਾਇਰੀ ਵਿੱਚ ਨਾਂ ਸੱਜਣ ਦੇ

ਉਂਝ ਹੱਥ ਇਹਨਾਂ ਦੇ ਬਸ ਖਾਲੀ ਠੂਠੇ ਹੁੰਦੇ ਨੇ

ਜਦ ਕੀਤਾ ਓਹਦੇ ਨਾਲ, ਮੈਂ ਇਜ਼ਹਾਰ ਮੁਹੱਬਤ ਦਾ

ਉਹ ਕਹਿੰਦੀ, ਸ਼ਾਇਰ, ਚੋਰ ਤੇ ਆਸ਼ਕ ਅਕਸਰ ਝੂਠੇ ਹੁੰਦੇ ਨੇ

✪✪✪✪✪✪

ਇੱਕ ਵਾਰੀ ਹੀ ਗੱਲ ਮੁਕਾ ਦੇ
ਕਿਸ਼ਤਾਂ ਦੇ ਵਿੱਚ ਮਾਰ ਨਾ ਸਾਨੂੰ
ਹੱਥਾਂ ਦੇ ਨਾਲ ਜ਼ਹਿਰ ਪਿਲਾ ਦੇ
ਪਲ ਪਲ ਸੂਲੀ ਚਾੜ੍ਹ ਨਾ ਸਾਨੂੰ

✪✪✪✪✪✪

ਮਿਲਿਆ ਜੇ ਮੌਕਾ ਤੇਰੇ ਕੋਲ ਬਹਿਣ ਦਾ
ਕਰਦਾ ਮੈਂ ਵਾਅਦਾ ਮੈਂ ਰਵਾ ਕੇ ਛੱਡੂੰਗਾ
ਉਦੋਂ ਕੀ ਕੀ ਕੀਤੀ ਸੀ ਤੂੰ ਨਾਲ ਮੇਰੇ ਨੀ
ਗੱਲਾਂ ਸਭ ਯਾਦ ਵੀ ਕਰਾ ਕੇ ਛੱਡੂੰਗਾ

✪✪✪✪✪✪

ਹਾਸਿਆਂ ਦੇ ਨਾਲ ਅੱਖਾਂ ਨਮ ਵੀ ਜ਼ਰੂਰੀ ਨੇ
ਖ਼ੁਸ਼ੀਆਂ ਦੇ ਨਾਲ ਨਾਲ ਗਮ ਵੀ ਜ਼ਰੂਰੀ ਨੇ

✪✪✪✪✪✪

ਟੁੱਟੇ ਹੋਏ ਦਿਲ ਕਦੇ ਵੀ ਸੱਜਣਾ ਜੁੜਦੇ ਨਹੀਂ ਹੁੰਦੇ
ਜੋ ਤਾਰੇ ਬਣ ਜਾਂਦੇ ਨੇ ਵਾਪਿਸ ਮੁੜਦੇ ਨਹੀਂ ਹੁੰਦੇ

✪✪✪✪✪✪

ਤੇਰੇ ਵਰਗਾ ਹੋਰ ਨਹੀਂ ਕੋਈ, ਮੰਨ ਗਈ ਏ ਕਾਇਨਾਤ ਸੋਹਣੀਏ
ਤੇਰੇ ਬਾਰੇ ਲਿਖਦੇ ਲਿਖਦੇ ਲੰਘ ਜਾਂਦੀ ਏ ਰਾਤ ਸੋਹਣੀਏ
ਖ਼ਵਾਬਾਂ ਦੇ ਵਿੱਚ ਵੀ ਹੁਣ ਸੱਜਣਾ, ਬਸ ਤੂੰ ਹੀ ਤੂੰ ਦਿਖਦਾ ਆ
ਪੈਂਤੀ ਅੱਖਰ ਜੋੜ ਜੋੜ ਮੈਂ ਤੇਰੀਆਂ ਸਿਫ਼ਤਾਂ ਲਿਖਦਾ ਆ

✪✪✪✪✪✪

ਦਿਲ ਆਪਣੇ ਵਿੱਚ ਕੂੜ ਨੂੰ ਭਰ ਕੇ
ਮਿੱਠੀ ਰੱਖੇ ਜ਼ੁਬਾਨ
ਹੱਥ ਮੇਰੇ ਤੇ ਚੁੱਕਦਾ
ਲੋਕਾਂ ਅੱਗੇ ਬਣੇ ਮਹਾਨ
ਰੋ ਰੋ ਚੀਕਾਂ ਮਾਰਨ
ਮੇਰੇ ਪਿੰਡੇ ਵਾਲੇ ਨਿਸ਼ਾਨ
ਮੈਨੂੰ ਕੁੱਟ ਕੇ ਕਰਦਾ
ਉਹ ਮਰਦਾਨਗੀ ਉੱਤੇ ਮਾਣ

✪✪✪✪✪✪

ਨਾ ਤੇਰੇ ਜਿਹੇ ਵਾਲ ਕਿਸੇ ਦੇ
ਅੱਖਾਂ ਵਰਗੀ ਖਿੱਚ ਵੀ ਨਹੀਂ ਹੈ
ਤੱਕਦਾ ਰੋਜ਼ ਹਜ਼ਾਰਾਂ ਚਿਹਰੇ
ਪਰ ਤੇਰੇ ਜਿਹਾ ਇੱਕ ਵੀ ਨਹੀਂ ਹੈ

✪✪✪✪✪✪

ਮੇਰੇ ਦਿਨ ਵੀ ਕਾਲੇ ਨੇ, ਹਰ ਰਾਤ ਅਮਾਵਸ ਏ
ਮੈਂ ਕਾਫ਼ਿਰ ਹਾਂ ਸੱਜਣਾ ਰੱਬ ਨਾਲ ਬਗ਼ਾਵਤ ਏ

✪✪✪✪✪✪

ਸੱਜਣ ਜੀ ਤੁਸੀ ਕੁਝ ਵੀ ਲਿਖ ਦੋ ਆਪਾਂ ਤਾਂ ਬਸ ਪੜ ਲੈਣਾ ਏ
ਸ਼ਾਇਰੀ ਤੇਰੀ ਸੋਹਣੀ ਸੁਣ ਕੇ ਅਸਾਂ ਤਸੱਵੁਰ ਕਰ ਲੈਣਾ ਏ

✪✪✪✪✪✪

ਸਭ ਤੇਰਾ ਹੁਕਮ ਮੰਨਣ ਨੀ, ਉਸ ਰੱਬ ਦੀ ਜਾਈ ਐ ਤੂੰ
ਜੰਨਤ ਹੈ ਮੁਲਕ ਤੇਰਾ ਨੀ, ਕੁਦਰਤ ਰੁਸ਼ਨਾਈ ਐ ਤੂੰ

✪✪✪✪✪✪

ਸ਼ਾਇਦ ਖ਼ੁਦ ਨੂੰ ਮਿਲ ਪਾਵਾਂ ਇਸ ਆਸ ਵਿੱਚ ਚੱਲਾ ਹਾਂ
ਅੱਜ ਮੈਂ ਖ਼ੁਦ ਹੀ ਖ਼ੁਦ ਦੀ ਤਲਾਸ਼ ਵਿੱਚ ਚੱਲਾ ਹਾਂ

✪✪✪✪✪✪

ਮੁੜ੍ਹਕਾ ਆਉਂਦਾ ਵੇਖ ਕੇ ਤੈਨੂੰ, ਪੌਂਦੇ ਝੱਲਣ ਹਵਾਵਾਂ ਲੱਗ ਗਏ
ਤੈਨੂੰ ਪਾਵਣ ਖਾਤਿਰ ਹੁਣ ਤੇ, ਕਾਫ਼ਿਰ ਕਰਨ ਦੁਆਵਾਂ ਲੱਗ ਗਏ

✪✪✪✪✪✪

ਵਾਰ ਵਾਰ ਅੱਖਾਂ ਨੂੰ ਕਾਹਤੋਂ ਭਰਦੀ ਏ
ਇਸ਼ਕ ਕੀਤਾ ਤਾਂ ਟੁੱਟਣ ਤੋਂ ਕਿਉਂ ਡਰਦੀ ਏ

✪✪✪✪✪✪

ਮੁਹੱਬਤ ਦੇ ਰਾਹਾਂ ਚ ਭਟਕੀ ਪਈ ਆ
ਮੈਂ ਬਿਰਹੋਂ ਦੀ ਰੱਸੀ ਨਾ ਲਟਕੀ ਪਈ ਆ
ਨਾ ਜੀ ਹੋ ਰਿਹਾ ਹੈ ਨਾ ਮਰ ਪਾ ਰਹੀ ਆ
ਮੈਂ ਇੰਝ ਜਿਉਂ ਕੋਈ ਤਿੜਕੀ ਹੋਈ ਮਟਕੀ ਪਈ ਆ

✪✪✪✪✪✪

ਤੂੰ ਲਿਖਦਾ ਏ ਜਜ਼ਬਾਤਾਂ ਨੂੰ, ਨਾਲੇ ਕਾਲੀਆਂ ਸੁੰਨੀਆਂ ਰਾਤਾਂ ਨੂੰ
ਕਦੇ ਕਦੇ ਲਿਖੇ ਤੂੰ ਪੀੜਾਂ ਨੂੰ,ਕਦੇ ਆਸ਼ਕਾਂ ਦੇ ਹਾਲਾਤਾਂ ਨੂੰ
ਕਦੇ ਦਰਦ ਲਿਖੇ ਕਦੇ ਹੰਝੂਆਂ ਨੂੰ, ਕਦੇ ਗ਼ਮਾਂ ਚ ਡੁੱਬੀਆਂ ਸ਼ਾਮਾਂ ਨੂੰ
ਤੂੰ ਆਦੀ ਹੋ ਗਿਆ ਪੀੜਾਂ ਦਾ, ਤੂੰ ਛੱਡ ਦਿੱਤਾ ਆਰਾਮਾਂ ਨੂੰ
ਮੈਂ ਗਲੀ ਤੇਰੀ ਵਿੱਚ ਵੜੀ ਜਾਵਾਂ, ਨਾਲੇ ਇਸ਼ਕ ਦੀ ਪੌੜੀ ਚੜੀ ਜਾਵਾਂ
ਮੇਰਾ ਦਿਲ ਕਰਦਾ ਬਸ ਪੜੀ ਜਾਵਾਂ, ਤੇਰੀ ਕਲਮ ਤੋਂ ਨਿਕਲੀਆਂ ਬਾਤਾਂ ਨੂੰ
ਤੂੰ ਲਿਖਦਾ ਏ ਜਜ਼ਬਾਤਾਂ ਨੂੰ ਤੇ ਕਾਲੀਆਂ ਸੁੰਨੀਆਂ ਰਾਤਾਂ ਨੂੰ
ਕਦੇ ਕਦੇ ਲਿਖੇ ਤੂੰ ਪੀੜਾਂ ਨੂੰ ਕਦੇ ਆਸ਼ਕਾਂ ਦੇ ਹਾਲਾਤਾਂ ਨੂੰ

✪✪✪✪✪✪

ਤੈਨੂੰ ਫੁੱਲ ਸਮਝ ਕੇ ਤਿਤਲੀ, ਤੇਰੇ ਹੱਥਾਂ ਤੇ ਬਹਿ ਗਈ
ਤੇਰੇ ਖ਼ੁਸ਼ਬੂ ਵਿੱਚ ਖੁਭ ਕੇ, ਤੇਰੀ ਹੀ ਹੋ ਕੇ ਰਹਿ ਗਈ
ਜਿੱਧਰ ਜਿੱਧਰ ਜਾਵੇਂ ਤੂੰ, ਤੇਰੇ ਨਾਲ ਰਹਿੰਦੀ ਘੁੰਮਦੀ
ਤੇਰੀ ਜ਼ੁਲਫ਼ਾਂ ਦੇ ਨਾਲ ਖੇਡੇ ਤੇਰੇ ਮੱਥੇ ਨੂੰ ਚੁੰਮਦੀ
ਸੁਣਿਆ ਮੈਂ ਸੀਰਤ ਤੇਰੀ, ਓਹਦੀ ਅੱਖਾਂ ਵਿੱਚ ਲਹਿ ਗਈ
ਤੈਨੂੰ ਫੁੱਲ ਸਮਝ ਕੇ ਤਿਤਲੀ, ਤੇਰੇ ਹੱਥਾਂ ਦੇ ਬਹਿ ਗਈ

✪✪✪✪✪✪

ਬੱਦਲਾਂ ਚੋਂ ਬਿਜਲੀ ਉਪਜੇ ਜਿਉਂ
ਉਹ ਇੰਝ ਹੀ ਘੜਦੀ ਨਜ਼ਮਾਂ ਨੂੰ
ਜਿਉਂ ਫ਼ੱਕਰ ਗਾਵੇ ਗੀਤ ਕੋਈ
ਉਹ ਇੰਝ ਹੀ ਪੜ੍ਹਦੀ ਨਜ਼ਮਾਂ ਨੂੰ

✪✪✪✪✪✪

ਹਵਾ ਜਦ ਛੂਹ ਕੇ ਲੰਘਦੀ ਹੈ
ਤੇਰਾ ਅਹਿਸਾਸ ਹੁੰਦਾ ਹੈ
ਤੇਰੇ ਨਾਲ ਲਮਹਾ ਹਰ ਮੇਰਾ
ਆਮ ਵੀ ਖ਼ਾਸ ਹੁੰਦਾ ਹੈ

✪✪✪✪✪✪

ਮੈਂ ਹੱਸਣਾ ਚਾਹੁੰਦੀ ਸੀ ਰੋਣਾ ਨਹੀਂ
ਤੈਨੂੰ ਪਾਉਣਾ ਚਾਹੁੰਦੀ ਸੀ ਖੋਹਣਾ ਨਹੀਂ

✪✪✪✪✪✪

ਆਪਣੇ ਹੱਥੀਂ ਆਪਣਾ ਚਿਹਰਾ ਨੋਚ ਰਹੀ ਹਾਂ ਮੈਂ
ਨਾ ਚਾਹੁੰਦੇ ਹੋਏ ਤੇਰੇ ਬਾਰੇ ਸੋਚ ਰਹੀ ਹਾਂ ਮੈਂ

✪✪✪✪✪✪

ਕਦੇ ਕਦੇ ਮੈਂ ਸਿਫ਼ਤ ਵੀ ਲਿਖਦਾ
ਬਿਰਹੋਂ ਨਹੀਂ ਮੈਂ ਸਾਰਾ ਲਿਖਦਾ
ਜਿੰਨਾ ਆਖੀ ਜਾਣ ਇਹ ਲੋਕੀ
ਐਨਾ ਨਹੀਂ ਮੈਂ ਮਾੜਾ ਲਿਖਦਾ

✪✪✪✪✪✪

ਖ਼ੂਬਸੂਰਤ ਹੋ ਆਪ ਹਮ ਮਾਨਤੇ ਹੈ
ਹਮੇ ਕੋਈ ਨਹੀਂ ਆਪਕੋ ਸਭ ਜਾਨਤੇ ਹੈ
ਜਨਾਬ ! ਜ਼ਰਾ ਉਨਪੇ ਭੀ ਕਰੀਏ ਅਪਨੇ ਪਿਆਰ ਕੀ ਬਾਰਿਸ਼
ਜੋ ਕਾਫ਼ਿਰ ਹੈ ਖ਼ੁਦ ਪਰ ਖ਼ੁਦਾ ਆਪਕੋ ਮਾਨਤੇ ਹੈ

✪✪✪✪✪✪

ਤੇਰੇ ਬੋਲੇ ਝੂਠਾਂ ਤੇ ਇਤਬਾਰ ਹੋ ਰਿਹਾ ਹੈ
ਮੈਨੂੰ ਇੱਕ ਵਾਰੀ ਫੇਰ ਤੇਰੇ ਨਾਲ ਪਿਆਰ ਹੋ ਰਿਹਾ ਹੈ

✪✪✪✪✪✪

ਹੁਣ ਹਰੀ ਹੋਈ ਜੋ ਵੇਲ ਇਸ਼ਕ ਦੀ ਸੁੱਕੀ ਸੀ
ਤੂੰ ਸਾਹ ਬਖ਼ਸ਼ੇ ਇਹ ਤਾਂ ਮਰ ਮੁੱਕ ਹੀ ਚੁੱਕੀ ਸੀ
ਰੂਹ ਤ੍ਰਿਪਤ ਹੋਈ ਐ ਤੇਰੇ ਹੱਥ ਦੀ ਬੁਰਕੀ ਨਾਲ
ਇਹ ਕਈ ਜਨਮਾਂ ਤੋਂ ਫ਼ਿਰਦੀ ਪਿਆਸੀ ਭੁੱਖੀ ਸੀ
ਮੈਂ ਸਕੂਨ ਨੂੰ ਲੱਭਦਿਆਂ ਕਿੰਨੇ ਸਾਲ ਬਿਤਾ ਦਿੱਤੇ
ਤੇ ਮੇਰੀ ਭਾਲ ਯਾਰਾ ਤੇਰੇ ਤੇ ਆਕੇ ਮੁੱਕੀ ਸੀ

✪✪✪✪✪✪

ਸਾਲ ਹੋ ਗਏ ਆ ਕਿੰਨੇ ਪਾਣੀ ਅੱਖਾਂ ਚ ਨਹੀਂ ਆਇਆ
ਆਈਆਂ ਕੁੜੀਆਂ ਬਥੇਰੀਆਂ ਮੈਂ ਦਿਲ ਨਹੀਂ ਲਗਾਇਆ
ਕੁਝ ਪਲ ਜੋ ਬਿਤਾਵਾਂ ਤਨਹਾਈ ਨਾਲ ਰੋਜ਼
ਉਹਨਾਂ ਪਲਾਂ 'ਚ ਹੀ ਤੇਰਾ ਅਹਿਸਾਸ ਹੁੰਦਾ ਆ
ਉੰਝ ਜਿੰਦਗੀ ਦੇ ਵਿੱਚ ਤਾਂ ਮੈਂ ਹੱਸਦਾ ਬਥੇਰਾ
ਬਸ ਸ਼ਾਇਰੀ ਦੇ ਵਿੱਚ ਹੀ ਉਦਾਸ ਹੁੰਦਾ ਆ

✪✪✪✪✪✪

ਉਹਨੇ ਹੀ ਕਰਾਇਆ ਕਿਤਾਬਾਂ ਤੋਂ ਵਾਕਿਫ਼
ਉਹ ਸਾਹਿਤ ਦੇ ਬਾਰੇ ਬੜਾ ਜਾਣਦੀ ਹੈ
ਮੈਂ ਇੱਕ ਦੋ ਹੀ ਹਾਲੇ ਪੜ੍ਹੇ ਚੜਦੇ ਵਾਲੇ
ਉਹ ਲਹਿੰਦੇ ਦੇ ਸ਼ਾਇਰਾ ਦੇ ਨਾਂ ਵੀ ਜਾਣਦੀ ਹੈ

✪✪✪✪✪✪

ਜਿਹਨੂੰ ਪੜ ਕੇ ਪਿਆਰ ਥੋਨੂੰ ਆ ਜਾਵੇ ਹਜ਼ੂਰ
ਕੋਈ ਐਸੀ ਇੱਕ ਨਜ਼ਮ ਮੈਂ ਲਿਖਾਂਗਾ ਜ਼ਰੂਰ
ਜੀਹਦੇ ਵਿੱਚ ਤੈਨੂੰ ਲਫ਼ਜ਼ਾਂ ਨਾ ਦੇਣਾ ਮੈਂ ਸ਼ਿੰਗਾਰ
ਜਿਸ ਵਿੱਚ ਤੈਨੂੰ ਅੱਲਾਹ ਵਾਂਗ ਕਰਨਾ ਪਿਆਰ
ਜੀਹਦੇ ਮੂਹਰੇ ਤੈਨੂੰ ਸਭ ਕੁਝ ਲੱਗੇਗਾ ਫ਼ਜ਼ੂਲ
ਕੋਈ ਐਸੀ ਇੱਕ ਨਜ਼ਮ ਮੈਂ ਲਿਖਾਂਗਾ ਜ਼ਰੂਰ

✪✪✪✪✪✪

ਨਾ ਲੋੜ ਹੈ ਦੁਨੀਆ ਦੀ ਚਾਹੀਦਾ ਕੱਲਾ ਤੂੰ
ਆ ਬਹਿ ਜਾ ਕੋਲ ਮੇਰੇ ਕਿੱਧਰ ਨੂੰ ਚੱਲਾ ਤੂੰ
ਤੂੰ ਕੁਝ ਵੀ ਬੋਲੀ ਜਾ, ਮੈਂ ਬਸ ਤੈਨੂੰ ਸੁਣਨਾ
ਬਿਨ ਥੱਕੇ ਸੁਣ ਸਕਦਾ, ਨੀ ਮੈਂ ਤੇਰੀਆਂ ਗੱਲਾਂ ਨੂੰ

✪✪✪✪✪✪

ਤੱਕਦਾ ਜਦ ਤਸਵੀਰ ਮੈਂ ਤੇਰੀ
ਲਿਖਣੇ ਦੇ ਵਿੱਚ ਰੁੱਝ ਜਾਂਦਾ ਹਾਂ
ਤੇਰੇ ਲਈ ਮਿਸਾਲ ਲੱਭਣ ਲਈ
ਆਸਮਾਨ ਤੱਕ ਪੁੱਜ ਜਾਂਦਾ ਹਾਂ

✪✪✪✪✪✪

ਕੱਟੇ ਗਏ ਖੰਭ ਉੜ ਨਹੀਂ ਸਕਦਾ
ਸ਼ਹਿਰ ਤੇਰੇ ਵੱਲ ਮੁੜ ਨਹੀਂ ਸਕਦਾ
ਬੜੀ ਸ਼ਿੱਦਤ ਨਾਲ ਤੋੜਿਆ ਹੈ ਤੂੰ
ਪ੍ਰੀਤ ਤੇਰਾ ਹੁਣ ਜੁੜ ਨਹੀਂ ਸਕਦਾ

✪✪✪✪✪✪

ਮਹਿਰਮ ਅਸਾਂ ਦੋਵਾਂ ਨੂੰ ਸੋਚੀਂ ਪਾ ਗਈਆਂ
ਕੱਲ੍ਹ ਦੀਆਂ ਫ਼ਿਕਰਾਂ ਸਾਡੇ ਅੱਜ ਨੂੰ ਖਾ ਗਈਆਂ

✪✪✪✪✪✪

ਨਿੱਤ ਨਿੱਤ ਢਲਦੀ ਹੋਈ ਸ਼ਾਮ ਜਿਹੀ ਗੱਲ ਹੈ
ਇਸ਼ਕ ਚ ਧੋਖਾ ਹੁਣ ਆਮ ਜਿਹੀ ਗੱਲ ਹੈ

✪✪✪✪✪✪

ਆਸ਼ਕ ਯਾਰ ਦੀ ਬਾਤ ਦੇ ਭੁੱਖੇ
ਮੰਗਤੇ ਨੇ ਖ਼ੈਰਾਤ ਦੇ ਭੁੱਖੇ
ਪੈੱਨ ਤੇ ਪੇਪਰ ਚੱਕ ਲੈਂਦੇ ਨੇ
ਸ਼ਾਇਰ ਕਾਲੀ ਰਾਤ ਦੇ ਭੁੱਖੇ

✪✪✪✪✪✪

ਪਤਾ ਨਹੀਂ ਸੀ, ਮੈਨੂੰ ਇਸ ਗੱਲ ਦਾ
ਜ਼ਮੀਰ ਉਹ ਆਪਣਾ ਵੇਚ ਰਿਹਾ ਸੀ
ਹੰਝੂ ਵਹਾ ਕੇ ਮਗਰਮੱਛ ਦੇ
ਲਾਸ਼ ਮੇਰੀ ਵੱਲ ਵੇਖ ਰਿਹਾ ਸੀ
ਜਿਸ ਲਈ ਆਪਣੇ ਛੱਡ ਦਿੱਤੇ ਮੈਂ
ਭੋਗਣ ਦੇ ਲਈ ਹੱਡ ਦਿੱਤੇ ਮੈਂ
ਬੜੀ ਸ਼ਿੱਦਤ ਨਾਲ ਓਹੀ ਬੰਦਾ
ਸਿਵੇ ਮੇਰੇ ਨੂੰ ਸੇਕ ਰਿਹਾ ਸੀ

✪✪✪✪✪✪

ਲੁਕ ਛਿਪ ਕੇ ਨਾ ਕਰੇ ਕੋਈ, ਸ਼ਰੇਆਮ ਹੋ ਗਈ ਹੈ
ਪਿਆਰ ਦੇ ਵਿੱਚ ਧੋਖੇਬਾਜ਼ੀ,ਗੱਲ ਆਮ ਹੋ ਗਈ ਹੈ

✪✪✪✪✪✪

ਪੰਜ ਸੱਤ ਡਾਇਰੀਆਂ ਤੇ ਲਾਜ਼ਮੀ ਲੱਗਣਗੀਆਂ
ਕੁਝ ਪੰਨਿਆਂ ਚ ਇਹ ਲਪੇਟ ਨਹੀਂ ਹੋਣਗੇ
ਬੜੀ ਲੰਬੀ ਦਾਸਤਾਂ ਹੈ ਯਾਰਾ ਮੇਰੇ ਦਰਦਾਂ ਦੀ
ਇੱਕ ਅੱਧੀ ਰਾਤ ਚ ਸਮੇਟ ਨਹੀਂ ਹੋਣਗੇ

✪✪✪✪✪✪

ਵੇਖ ਹਾਲਾਤ ਉਹ ਪਿੱਠ ਵਿੱਚ ਖ਼ੰਜਰ ਮਾਰੇਗੀ
ਗ਼ਲਤੀ ਵਿੱਚ ਨਾ ਰਹੀ ਕਿ ਹੋਣਾ ਵੱਖ ਨਹੀਂ
ਜਿਸਦੇ ਲਈ ਲਿਆਇਆ ਹਾਰ ਤੂੰ ਹੀਰੇ ਦਾ
ਓਹਦੀ ਅੱਖ ਵਿੱਚ ਤੇਰੀ ਕੀਮਤ ਕੱਖ ਨਹੀਂ

✪✪✪✪✪✪

ਇਸ਼ਕੇ ਦੇ ਵਿੱਚ ਜ਼ਖ਼ਮ ਮਿਲੇ ਨੇ, ਫਿਰ ਵੀ ਮੈਂ ਕੀਤੀ ਨਹੀਂ ਦਾਰੂ
ਮੰਨਿਆ ਮੇਰਾ ਦਿਲ ਟੁੱਟਿਆ ਹੈ, ਫਿਰ ਵੀ ਮੈਂ ਪੀਤੀ ਨਹੀਂ ਦਾਰੂ

✪✪✪✪✪✪

ਦਿਲ ਸਾਡੇ ਤੇ ਕਹਿਰ ਹੋ ਗਿਆ, ਅੰਮ੍ਰਿਤ ਤੋਂ ਉਹ ਜ਼ਹਿਰ ਹੋ ਗਿਆ
ਜਿਸਨੂੰ ਭੁੱਲਣ ਦੀ ਕੋਸ਼ਿਸ਼ ਸੀ, ਇਸ਼ਕ ਓਹਦੇ ਨਾਲ ਫ਼ੇਰ ਹੋ ਗਿਆ

✪✪✪✪✪✪

ਇਸ਼ਕ ਅਸਾਡਾ ਵੱਖ ਹੈ ਸੱਜਣਾ, ਇਹ ਨਹੀਂ ਬਾਕੀ ਲੋਕਾਂ ਵਰਗਾ
ਪਾਕ ਪਵਿੱਤਰ ਸਾਥ ਰੂਹਾਂ ਦਾ, ਇਹ ਨਹੀਂ ਪਾਪੀ ਲੋਕਾਂ ਵਰਗਾ
ਨਾ ਕੋਈ ਮਤਲਬ ਨਾ ਕੋਈ ਸਵਾਰਥ, ਨਾ ਹੀ ਫ਼ਾਇਦਾ ਕਿਸੇ ਦਾ ਚੱਕਦਾ
ਇੱਕ ਦੂਜੇ ਨੂੰ ਰੱਬ ਦਾ ਦਰਜਾ, ਮਹਿਰਮ ਨੂੰ ਉੱਪਰ ਹੈ ਰੱਖਦਾ
ਸਰਦੀਆਂ ਦੇ ਵਿੱਚ ਨਿੱਘ ਦਿੰਦਾ ਹੈ, ਗਰਮੀ ਵਿੱਚ ਬਾਰਿਸ਼ ਬਣ ਵਰਦਾ
ਇਸ਼ਕ ਅਸਾਡਾ ਵੱਖ ਹੈ ਸੱਜਣਾ, ਇਹ ਨਹੀਂ ਬਾਕੀ ਲੋਕਾਂ ਵਰਗਾ

✪✪✪✪✪✪

ਕਾਲਿਆਂ ਤੋਂ ਸਿਰ ਸਾਡੇ ਧੌਲ਼ੇ ਹੋਏ ਨੇ
ਇਸ਼ਕੇ ਦੇ ਵਿੱਚ ਬੜੇ ਹੀ ਰੌਲ਼ੇ ਹੋਏ ਨੇ
ਅੱਜ ਕੱਲ੍ਹ ਸ਼ਾਇਰੀ ਲਿਖਣ ਦੇ ਕੰਮ ਵਿੱਚ ਆਉਂਦੇ ਨੇ
ਦਿਲ ਸਾਡੇ ਦੇ ਜਿੰਨੇ ਕੋਲ਼ੇ ਹੋਏ ਨੇ

✪✪✪✪✪✪

ਮੈਨੂੰ ਕਿਉਂ ਪੀੜਾਂ ਨਾਲ ਜੋੜੀ ਜਾਂਦਾ ਐ
ਖ਼ੁਸ਼ੀਆਂ ਦੀ ਕਿਉਂ ਧੌਣ ਮਰੋੜੀ ਜਾਂਦਾ ਐ
ਮੰਨਿਆ ਕਿ ਉਹ ਤੋੜ ਕੇ ਤੈਨੂੰ ਛੱਡ ਤੁਰ ਗਈ
ਓਹਦੇ ਲਈ ਮੈਨੂੰ ਕਿਉਂ ਤੋੜੀ ਜਾਂਦਾ ਐ

✪✪✪✪✪✪

ਮੇਰੀ ਅੱਖ ਦਾ ਆਬ ਬਣ ਗਿਆ
ਹਕੀਕਤ ਤੋਂ ਉਹ ਖ਼ਵਾਬ ਬਣ ਗਿਆ
ਦੁਨੀਆ ਸੀ ਇੱਕ ਵੇਲ਼ੇ ਜਿਹੜਾ
ਅੱਜ ਉਹ ਬਸ ਇੱਕ ਯਾਦ ਬਣ ਗਿਆ

✪✪✪✪✪✪

ਮੇਰਾ ਜੀਵਨ ਨਰਕ ਨਾ ਹੁੰਦਾ
ਜੇ ਤੂੰ ਕਾਮ ਚ ਗ਼ਰਕ ਨਾ ਹੁੰਦਾ

✪✪✪✪✪✪

ਦੂਰ ਦੂਰ ਜਿਹੇ ਸਾਥੋਂ ਨੱਸਣ ਲੱਗੇ ਨੇ
ਲੋਕਾਂ ਵਿੱਚ ਸਾਡੇ ਤੇ ਹੱਸਣ ਲੱਗੇ ਨੇ
ਇਸ਼ਕ ਦੇ ਵਿੱਚ ਕੀ ਧੋਖਾ ਦਿੱਤਾ ਸੱਜਣਾ ਨੇ
ਖ਼ਾਸ ਵੀ ਸਾਡੇ ਤਾਹਨੇ ਕੱਸਣ ਲੱਗੇ ਨੇ

✪✪✪✪✪✪

ਤੇਰੀ ਭਾਲ਼ 'ਚ ਸੁੱਕ ਜਾਊ ਜ਼ਿੰਦਗੀ
ਹੌਲੀ ਹੌਲੀ ਮੁੱਕ ਜਾਊ ਜ਼ਿੰਦਗੀ

✪✪✪✪✪✪

ਦਿਮਾਗ਼ ਦੀ ਜਗ੍ਹਾ ਤੇ ਤੂੜੀ ਜ਼ਹਿਨ ਚ ਭਰ ਦਿੰਦਾ ਹੈ
ਬਾਹਲ਼ਾ ਗਿਆਨ ਵੀ ਅੱਖਾਂ ਅੰਨ੍ਹੀਆਂ ਕਰ ਦਿੰਦਾ ਹੈ

✪✪✪✪✪✪

ਕਿਸਮਤ ਦੇ ਨਾਲ ਲੜ ਨਾ ਸਕਿਆ, ਪੱਛਮ ਵੱਲੋਂ ਚੜ੍ਹ ਨਾ ਸਕਿਆ
ਕੋਸ਼ਿਸ਼ ਪੂਰੀ ਕਰ ਲਈ ਫਿਰ ਵੀ, ਇਸ਼ਕ ਹਾਸਿਲ ਮੈਂ ਕਰ ਨਾ ਸਕਿਆ

✪✪✪✪✪✪

ਮੈਨੂੰ ਪੜ੍ਹਨ ਵਾਸਤੇ ਅਕਸਰ ਕੋਈ ਕਿਤਾਬ ਲੈ ਦਿੰਦਾ ਹੈ
ਉਹ ਸੂਰਜ ਵਰਗਾ ਅਕਸਰ ਮੈਨੂੰ ਚੰਨ ਕਹਿ ਦਿੰਦਾ ਹੈ

✪✪✪✪✪✪

ਯਾਰੋ ਮੇਰੇ ਦਿਲ ਦੀ ਜ਼ਮੀਨ ਤੇ, ਬਣਕੇ ਸਵੇਰ ਹੈ ਉਹ ਚੜਦੀ
ਫੁੱਲਾਂ ਦੀਆਂ ਖਿੱਚਾਂ ਤਸਵੀਰਾਂ ਮੈਂ, ਉਹ ਵੀ ਤੇ ਹੈ ਯਾਰੋ ਫੁੱਲ ਵਰਗੀ
ਬੜਾ ਹਾਂ ਪ੍ਰੇਮੀ ਕੁਦਰਤ ਦਾ, ਫੋਨ ਚ ਦ੍ਰਿਸ਼ ਕੈਦ ਕਰਾਂ ਮੈਂ
ਲਿਖਾਂ ਕਵਿਤਾਵਾਂ ਕੁਦਰਤ ਤੇ, ਪੰਨਿਆਂ ਤੇ ਲਫ਼ਜ਼ਾਂ ਨੂੰ ਭਰਾਂ ਮੈਂ
ਮੇਘਾਂ ਚੋਂ ਬਰਸਦੀ ਮੀਂਹ ਬਣਕੇ, ਜਦੋਂ ਜਦੋਂ ਦੇਹ ਹੈ ਮੇਰੀ ਸੜਦੀ
ਫੁੱਲਾਂ ਦੀਆਂ ਖਿੱਚਾਂ ਤਸਵੀਰਾਂ ਮੈਂ, ਉਹ ਵੀ ਤੇ ਹੈ ਯਾਰੋ ਫੁੱਲ ਵਰਗੀ

✪✪✪✪✪✪

ਸੋਹਣੇ ਸੋਹਣੇ ਹੱਥਾਂ ਦੇ ਨਾਲ ਮੇਰੀਆਂ ਅੱਖਾਂ ਸਾਫ਼ ਕਰੇ ਉਹ
ਮੇਰੇ ਤੋਂ ਵੀ ਵੱਧ ਯਾਰੋ ਮੇਰੇ ਤੇ ਵਿਸ਼ਵਾਸ ਕਰੇ ਉਹ

✪✪✪✪✪✪

ਤੇਰੇ ਲਈ ਕਬੂਲ ਮੈਨੂੰ ਧੁੱਪਾਂ ਵਿੱਚ ਖੜ੍ਹਨਾ
ਤੇਰੇ ਲਈ ਕਬੂਲ ਕੁੱਲ ਦੁਨੀਆ 'ਨਾ ਲੜਨਾ
ਦਈਂ ਨਾ ਕਿਤਾਬਾਂ ਮੈਨੂੰ ਹੋਰ ਮੇਰੇ ਮਹਿਰਮਾ
ਤੇਰੀਆਂ ਅੱਖਾਂ ਦੇ ਬਿਨਾ ਕੁਝ ਨਹੀਂ ਮੈਂ ਪੜ੍ਹਨਾ

✪✪✪✪✪✪

ਸਿਰ ਤੇ ਚਾਦਰ ਤਾਰਿਆਂ ਦੀ ਸੀ, ਪੈਰਾਂ ਵਿੱਚ ਸੀ ਆਬ ਸੋਹਣੀਏ
ਸੋਹਣੇ ਤੇਰੇ ਚਿਹਰੇ ਵਰਗਾ, ਆਇਆ ਸੋਹਣਾ ਖ਼ਵਾਬ ਸੋਹਣੀਏ
ਹੱਥਾਂ ਦੇ ਵਿੱਚ ਹੱਥ ਫੜੇ ਸੀ , ਸਿਰ ਤੇਰਾ ਸੀ ਮੋਢੇ ਉੱਤੇ
ਆਪਾਂ ਦੋਵੇਂ ਜਾਗ ਰਹੇ ਸੀ, ਬਾਕੀ ਸਾਰੇ ਲੋਕ ਸੀ ਸੁੱਤੇ
ਤਾਰਿਆਂ ਦੀ ਅਸਾਂ ਗਿਣਤੀ ਕੀਤੀ, ਚੰਨ ਨੂੰ ਬੜਾ ਨਿਹਾਰਿਆ ਸੀ ਨੀ
ਹਵਾ ਦੇ ਵਰਕਿਆਂ ਉੱਤੇ ਆਪਣੇ ਇਸ਼ਕ ਨੂੰ ਅਸੀਂ ਉਤਾਰਿਆ ਸੀ ਨੀ
ਦਿਲ ਕਰਦਾ ਇਸ ਸੁਪਨੇ ਉੱਤੇ, ਲਿਖ ਦਿਆਂ ਇੱਕ ਕਿਤਾਬ ਸੋਹਣੀਏ
ਸੋਹਣੇ ਤੇਰੇ ਚਿਹਰੇ ਵਰਗਾ, ਆਇਆ ਸੋਹਣਾ ਖ਼ਵਾਬ ਸੋਹਣੀਏ

✪✪✪✪✪✪

ਪਹਿਲੀ ਯਾਰੀ ਪੀੜ੍ਹਾਂ ਦੇ ਨਾਲ, ਦੂਜੀ ਹੰਝੂਆਂ ਨਾਲ ਮੈਂ ਲਾਈ
ਤੀਜਾ ਮੇਰਾ ਮੋਹ ਗ਼ਮ ਦੇ ਨਾਲ, ਚੌਥੀ ਨਾਲ ਰਹੇ ਤਨਹਾਈ
ਬੜਾ ਗੂੜਾ ਰਿਸ਼ਤਾ ਇਹਨਾਂ ਨਾਲ, ਇਹਨਾਂ ਨਾਲ ਹੀ ਵੱਸਦਾ ਹਾਂ ਮੈਂ
ਪੀ ਕੇ ਅੱਥਰੂ ਦੱਬ ਕੇ ਦੁੱਖੜੇ, ਬਸ ਝੂਠਾ ਜਿਹਾ ਹੱਸਦਾ ਹਾਂ ਮੈਂ
ਇਸ਼ਕ ਹਾਸਿਲ ਨਹੀ ਹੋਇਆ ਅਸਾਂ ਨੂੰ, ਪੱਲੇ ਰਹਿ ਗਈ ਬਸ ਜੁਦਾਈ
ਪਹਿਲੀ ਯਾਰੀ ਪੀੜ੍ਹਾਂ ਦੇ ਨਾਲ, ਦੂਜੀ ਹੰਝੂਆਂ ਨਾਲ ਮੈਂ ਲਾਈ
ਤੀਜਾ ਮੇਰਾ ਮੋਹ ਗ਼ਮ ਦੇ ਨਾਲ, ਚੌਥੀ ਨਾਲ ਰਹੇ ਤਨਹਾਈ

✪✪✪✪✪✪

ਸੱਤ ਜਨਮਾਂ ਤੱਕ ਕਿਹੜਾ ਸਾਥ ਨਿਭਾਉਂਦਾ ਹੈ
ਜਿਸਮ ਨੂੰ ਪੂਜਣ ਰੂਹ ਨੂੰ ਕਿਹੜਾ ਚਾਹੁੰਦਾ ਹੈ
ਪਹਿਲਾਂ ਪਹਿਲਾਂ ਇਸ਼ਕ ਲਗੇਂਦਾ ਅੰਮ੍ਰਿਤ ਜਿਹਾ
ਜਦ ਬਣ ਜਾਵੇ ਜ਼ਹਿਰ ਬੰਦਾ ਪਛਤਾਉਂਦਾ ਹੈ
ਸਾਥ ਦਿੰਦੇ ਨੇ ਛੱਡ ਆਪਣੇ ਵੀ ਲੋੜ ਵੇਲੇ
ਇੱਕ ਅੱਧਾ ਹੀ ਸਿਵਿਆਂ ਤੀਕਰ ਆਉਂਦਾ ਹੈ
ਬਹੁਤੇ ਖੁਸ਼ ਹੁੰਦੇ ਨੇ ਤੜਪਣ ਵੇਖ ਕੇ ਜੀ
ਕੋਈ ਵਿਰਲਾ ਹੀ ਮੂੰਹ ਵਿੱਚ ਪਾਣੀ ਪਾਉਂਦਾ ਹੈ
ਲੂਣਾ ਨੂੰ ਅੱਜ ਤੱਕ ਵੀ ਭੰਡਦੇ ਨੇ ਲੋਕੀਂ
ਵਿਰਲਾ ਸ਼ਿਵ ਵਰਗਾ ਕੋਈ ਸੱਚ ਸੁਣਾਉਂਦਾ ਹੈ

✪✪✪✪✪✪

ਕੁਦਰਤ ਤੇਰੀ ਮੁਰੀਦ ਹੋਈ ਹੈ
ਜਦ ਦੀ ਤੇਰੀ ਦੀਦ ਹੋਈ ਹੈ
ਭਾਂਵੇ ਚੰਨ ਵੀ ਚੜ੍ਹਿਆ ਨਹੀਂ ਹੈ
ਲੋਕੀਂ ਕਹਿੰਦੇ ਈਦ ਹੋਈ ਹੈ

✪✪✪✪✪✪

ਸਰਦੀਆਂ ਦੇ ਵਿੱਚ ਧੁੱਪ ਹੋ ਜਾਵਾਂ
ਗਰਮੀਆਂ ਦੇ ਵਿੱਚ ਰੁੱਖ ਹੋ ਜਾਵਾਂ
ਜੇ ਤੂੰ ਸ਼ਾਂਤ ਰਹਿਣ ਦਾ ਕਾਇਲ
ਸਦੀਆਂ ਲਈ ਮੈਂ ਚੁੱਪ ਹੋ ਜਾਵਾਂ
ਜੇ ਤੂੰ ਮੰਨਦਾ ਪੱਥਰ ਵਿੱਚ ਰੱਬ
ਸੌਂਹ ਤੇਰੀ ਮੈਂ ਬੁੱਤ ਹੋ ਜਾਵਾਂ

✪✪✪✪✪✪

ਅਕਸਰ ਮੇਰੇ ਤੇ ਸ਼ਬਦਾਂ ਦੇ ਤੀਰ ਉਹ ਕੱਸਦਾ ਹੈ
ਨਿੱਤ ਨਿੱਤ ਨਵੇਂ ਸਰੀਰਾਂ ਦਾ ਉਹ ਲੁਤਫ਼ ਵੀ ਚੱਖਦਾ ਹੈ
ਨਵੀਂ ਹੀ ਘੜ ਕੇ ਬੈਠਾ ਹੈ ਪਰਿਭਾਸ਼ਾ ਇਸ਼ਕ ਦੀ ਉਹ
ਜਿਸਮਾਂ ਦੀ ਭੁੱਖ ਨੂੰ ਉਹ ਪਾਕ ਮੁਹੱਬਤ ਦੱਸਦਾ ਹੈ

✪✪✪✪✪✪

ਹਾਂ ਸੱਜਣਾ ਮੈਂ ਆਪ ਕਰ ਰਿਹਾਂ
ਨਾਂ ਤੇਰੇ ਦਾ ਜਾਪ ਕਰ ਰਿਹਾਂ
ਇਸ਼ਕ ਤੇਰੇ ਵਿੱਚ ਹੋਕੇ ਪਾਗ਼ਲ
ਦੇਖ ਕਿਵੇਂ ਵਿਰਲਾਪ ਕਰ ਰਿਹਾਂ

✪✪✪✪✪✪

ਬੇਰੰਗ ਜਿਹੀ ਜ਼ਿੰਦਗੀ ਵਿੱਚ ਰੰਗ ਤੂੰ ਭਰ ਦਿੱਤੇ
ਮੇਰੇ ਸਭ ਗਮ ਇੱਕ ਪਾਸੇ ਤੂੰ ਕਰ ਦਿੱਤੇ
ਹਾਰ ਚੁੱਕਾ ਸੀ ਮੈਂ ਤਾਂ ਮੇਰੀ ਜ਼ਿੰਦਗੀ ਚ
ਤੂੰ ਸੱਜਣਾ ਮੈਨੂੰ ਉੱਡਣੇ ਦੇ ਲਈ ਪਰ ਦਿੱਤੇ
ਤੂੰ ਹੀ ਮੈਨੂੰ ਸਾਹਿਤ ਦੇ ਨਾਲ ਜੋੜਿਆ ਹੈ
ਬਿਰਹੋਂ ਤੋਂ ਸ਼ਿੰਗਾਰ ਦੇ ਵੱਲ ਨੂੰ ਮੋੜਿਆ ਹੈ
ਹਰ ਵਾਰੀ ਤੂੰ ਪਿਆਰ ਦੇ ਨਾਲ ਸਮੇਟ ਲਿਆ
ਜਦ ਜਦ ਵੀ ਮੈਨੂੰ ਆਪਣਿਆਂ ਨੇ ਤੋੜਿਆ ਹੈ
ਜੋ ਜੋ ਕੂੜ ਕੁਫ਼ਰ ਸੀ ਜ਼ਿਹਨ ਦੇ ਵਿੱਚ ਭਰਿਆ
ਸਾਫ਼ ਤੂੰ ਸਾਰੇ ਭਰਮ ਭੁਲੇਖੇ ਕਰ ਦਿੱਤੇ
ਹਾਰ ਚੁੱਕਾ ਸੀ ਮੈਂ ਤਾਂ ਮੇਰੀ ਜ਼ਿੰਦਗੀ ਚ
ਤੂੰ ਸੱਜਣਾ ਮੈਨੂੰ ਉੱਡਣੇ ਦੇ ਲਈ ਪਰ ਦਿੱਤੇ

✪✪✪✪✪✪

ਦੁਨੀਆ ਨੂੰ ਮੈਂ ਜੱਭ ਕਹਾਂਗਾ
ਤੈਨੂੰ ਆਪਣਾ ਸੱਭ ਕਹਾਂਗਾ
ਮੈਨੂੰ ਨਹੀਂ ਪਰਵਾਹ ਖ਼ਲਕਤ ਦੀ
ਹਾਂ ! ਮੈਂ ਤੈਨੂੰ ਰੱਬ ਕਹਾਂਗਾ

✪✪✪✪✪✪

ਸ਼ਰਮ ਵੇਚ ਕੇ ਖਾ ਚੁੱਕਿਆ ਸੀ
ਯਾਰ ਬੜਾ ਬੇਸ਼ਰਮ ਸੀ ਮੇਰਾ
ਜਦ ਪੁੱਛਿਆ ਧੋਖਾ ਕਿਉਂ ਦਿੱਤਾ
ਕਹਿੰਦਾ ਇਹ ਤਾਂ ਕਰਮ ਸੀ ਮੇਰਾ
ਪੱਥਰ ਕਰ ਕੇ ਛੱਡ ਗਿਆ ਉਹ
ਉਂਝ ਤੇ ਸੀਨਾ ਨਰਮ ਸੀ ਮੇਰਾ
ਜਿਹਨੂੰ ਪਿਆਰ ਮੈਂ ਸਮਝ ਬੈਠੀ ਸੀ
ਪਿਆਰ ਨਹੀਂ ਸੀ ਭਰਮ ਸੀ ਮੇਰਾ

✪✪✪✪✪✪

ਕਲਪਨਾ ਦਾ ਸਫ਼ਰ, ਵਲਵਲਿਆਂ ਦਾ ਸ਼ਹਿਰ
ਇਸ਼ਕ ਚ ਮਿਲੀ ਸਾਨੂੰ ਸਿਖ਼ਰ ਦੁਪਹਿਰ
ਪੈ ਜੇ ਨਾ ਵਿਛੋੜਾ ਕਿਤੇ ਪਿਆਰ ਵਿੱਚ ਜੀ
ਸਾਡੇ ਉੱਤੇ ਸੱਜਣਾ ਵੇ ਰੱਬ ਕਰੇ ਖ਼ੈਰ

✪✪✪✪✪✪

ਨਜ਼ਮਾਂ ਦੇ ਵਿੱਚ ਸਾਰਾ ਇਸ਼ਕ ਉਤਾਰ ਚੁੱਕਾ ਹਾਂ
ਬਚੀ ਨਹੀਂ ਖ਼ਵਾਹਿਸ਼ ਕੋਈ, ਸਾਰੀਆਂ ਮਾਰ ਚੁੱਕਾ ਹਾਂ

✪✪✪✪✪✪

ਝਪਕੇ ਅੱਖਾਂ ਹਲਕਾ ਜਿਹਾ ਮੁਸਕਾਉਂਦਾ ਹੈ
ਮੈਨੂੰ ਕਹਿ ਕੇ ਆਪਣਾ ਯਾਰ ਬੁਲਾਉਂਦਾ ਹੈ
ਜਦ ਜਦ ਤੱਕਦਾ ਹਾਂ ਖੁੱਲ੍ਹੇ ਅਸਮਾਨ ਚ ਮੈਂ
ਮੈਨੂੰ ਤੇਰਾ ਚਿਹਰਾ ਨਜ਼ਰੀਂ ਆਉਂਦਾ ਹੈ

✪✪✪✪✪✪

ਪਤਝੜ ਜਿਹਾ ਹੈ ਹਾਲ ਮੇਰਾ ਮੈਂ ਸਾਉਣ ਨਾ ਹੋ ਪਾਇਆ
ਰੂਹ ਵਿੱਚ ਰੌਲ਼ਾ ਗੌਲਾ ਹੈ ਮੈਂ ਮੌਨ ਨਾ ਹੋ ਪਾਇਆ
ਪੰਨਿਆਂ ਉੱਤੇ ਲੀਕਾਂ ਮਾਰੀ ਜਾਵਾਂ ਬਿਨ ਗੱਲੋਂ
ਸ਼ਿਵ ਵੀ ਨਹੀਂ ਬਣ ਸਕਿਆ ਨਾ ਹੀ ਜੌਨ ਮੈਂ ਹੋ ਪਾਇਆ

✪✪✪✪✪✪

ਚੁੱਪ ਰਹੂਗਾ ਪ੍ਰੀਤ ਬਸ ਕਲਮ ਹੀ ਬੋਲੂ
ਪਤਾ ਮੈਨੂੰ ਵੀ ਨਹੀਂ ਕਿ ਰਾਜ਼ ਕਿੰਨਿਆਂ ਦੇ ਖੋਲੂ

✪✪✪✪✪✪

ਪਿਆਰ ਮੇਰੇ ਨਾਲ ਕਰ ਲੈਂਦਾ ਏ
ਮੇਰੀਆਂ ਅੱਖਾਂ ਪੜ ਲੈਂਦਾ ਏ
ਆਖ ਕੇ ਮੈਨੂੰ ਉਹ ਰੱਬ ਆਪਣਾ
ਮੈਨੂੰ ਸਜਦਾ ਕਰ ਲੈਂਦਾ ਏ
ਦਿੰਦਾ ਮੈਨੂੰ ਨਿੱਘ ਬੁੱਕਲ ਦਾ
ਮੇਰੇ ਲਈ ਖ਼ੁਦ ਠਰ ਲੈਂਦਾ ਏ
ਮੈਂ ਅੱਖਾਂ ਭਰਦੀ ਆ ਜਦ ਵੀ
ਬਾਹਾਂ ਵਿੱਚ ਉਹ ਭਰ ਲੈਂਦਾ ਏ

✪✪✪✪✪✪

ਥੋੜਾ ਜਿਹਾ ਨਹੀਂ ਬਾਹਲ਼ਾ ਲੱਗਦਾ
ਨਦੀ ਅੱਗੇ ਜਿਉਂ ਨਾਹਲ਼ਾ ਲੱਗਦਾ
ਤੇਰੇ ਮੂਹਰੇ ਯਾਰ ਮੇਰਿਆ
ਚੰਨ ਵੀ ਮੈਨੂੰ ਕਾਲ਼ਾ ਲੱਗਦਾ

✪✪✪✪✪✪

ਦਿਲ ਵਿਚ ਪੀੜ੍ਹ ਦੀ ਮੇਖ ਨੂੰ ਗੱਡਣ ਵਾਲੀ ਏ
ਪਤਾ ਲੱਗਿਆ ਤੂੰ ਮੈਨੂੰ ਛੱਡਣ ਵਾਲੀ ਏ
ਹੰਝੂਆਂ ਦਾ ਪਾਣੀ ਪਾ ਵੱਡਾ ਕੀਤਾ ਜੋ
ਸੁਣਿਆ ਹੈ ਉਸ ਰੁੱਖ ਨੂੰ ਵੱਢਣ ਵਾਲੀ ਏ


✪✪✪✪✪✪

ਗਮ ਭੁੱਲਣ ਲਈ ਜਾਮ ਮਿਲੇਗਾ
ਲੱਗਿਆ ਸੀ ਅੱਜ ਸ਼ਾਮ ਮਿਲੇਗਾ
ਸ਼ਿਵ ਨੂੰ ਪੜ੍ਹ ਕੇ ਫ਼ੇਰ ਰੋ ਪਿਆ
ਸੋਚਿਆ ਸੀ ਆਰਾਮ ਮਿਲੇਗਾ

✪ ✪ ਸਮਾਪਤ ✪ ✪

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com


Every tear that I drop
Every dream that you broke
Every thought that I thought
and every song that I wrote
was for you


Gurpreet Guri's
Tukbandian
www.punjabilibrary.com
gurigurpreet498
9779670711
gurpreetguri498